ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

# MONTHLY SURA LUDHIANA

AUG. 98 ਅਗਸਤ ੯੮

## ਗੁਰਬਾਣੀ

## ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

ਤਤਕਰਾ


੧.ਇਹ ਬਾਣੀ ਜੋ ਜੀਅਹੁ ਜਾਣੈ ੧.
੨.ਅਕਾਲ ਪੁਰਖ ਦੀ ਦਰਗਾਹ ੬
੩.ਵਾਹ ਵਾਹ ਬਾਣੀ ਨਿਰੰਕਾਰ ਹੈ ੧੦.
੪.ਕਾਸਾ ਅੰਮ੍ਰਿਤ ਦਾ ਗੁਰੂ ਨਾਨਕ ਦੀ ਬਾਣੀ(ਕਵਿਤਾ) ੧੪.
੫.ਕਲਗੀਧਰ ਜੀ ਨੇ ਬਕਰੇ ਝਟਕਾਏ ਜਾਂ ਸਿੱਖ ੧੫.
੬.ਬਾਬਾ ਹੋਰੁ ਖਾਣਾ ਖੁਸੀ ਖੁਆਰੁ ੧੭
੭.ਸਾਜਨਾ ਸੰਤ ਆਉ ਮੇਰੈ ੧੯
੮.ਪੂਰਨ ਗੁਰਸਿੱਖ ਭਾ: ਸ: ਭਾ: ਰਣਧੀਰ ਸਿੰਘ ੨੩
੯.ਸਾਬਤ ਸੂਰਤਿ ਦਸਤਾਰ ਸਿਰਾ(ਕਵਿਤਾ) ੨੮
੧੦.ਕਰਮ ਫਿਲਾਸਫੀ ੨੯
੧੧.ਵਾਹਿਗੁਰੂ ਵਾਹਿਗੁਰੂ ਬੋਲ ਮਨਾ(ਕਵਿਤਾ) ੪੦


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ | ੨੩ ਅਗਸਤ | ਮੇਲਾ ਬਾਬਾ ਬਕਾਲਾ | ੮ ਅਗਸਤ |
| ਪਾ: ੫ ਗੁਰਿਆਈ ਮਿਲੀ | ੨੪ ਅਗਸਤ | ਬਾਬੇ ਦਾ ਵਿਆਹ (ਬਟਾਲਾ) | ੨੯ ਅਗਸਤ |
| ਪਾ: ੪ ਜੋਤੀ ਜੋਤਿ ਸਮਾਏ | ੨੫ ਅਗਗਤ | | |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ | |
|---|---|---|---|
| | | ਹਵਾਈ ਡਾਕ | ਸਮੁੰਦਰੀ ਡਾਕ |
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਨਰਿੰਦਰ ਸਿੰਘ- | ੧੫੦/- | ਮਨਧੀਰ ਸਿੰਘ- | ੫੦/- |
| ਗੁਪਤ- | ੩੪੫/- | ਪ੍ਰਭਦਿਆਲ- | ੫੦/- |
| ਗੁਪਤ- | ੧੦੦/- | ਰਕਬਾ ਸੰਗਤ | ੨੫੦/- |
| ਗੁਪਤ- | ੧੦੦/- | | |


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੯, ਪਾਹਵਾ ਰੋਡ, ਲੁਧਿਆਣਾ।


www.AKJ.Org

ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਲਦ ੩੨
ਅਗਸਤ ੧੯੯੮
ਅੰਕ ੮

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਲਾਨਾ ਚੰਦਾ: ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ........੪੦੦ਰੁ:
ਮਾਨਤੀ ਲਾਈਫ ਮੈਂਬਰਸ਼ਿਪ: ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
ਦਾ ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ
ਮਤੁ ਕੋ ਧਰਹੁ ਗੁਮਾਨਾ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥੪॥੪॥

(ਬਿਲਾਵਲੁ ਮ:੩, ਪੰਨਾ ੭੯੭-੯੮)

ਆਖਿਆ- ਸਿਰਜਨਹਾਰ ਕਰਤਾਰ ਸ੍ਰਿਸ਼ਟੀ ਰਚਨਹਾਰ ਕਰਤੇ ਪੁਰਖ ਨੇ ਪੂਰੇ ਸਰਬੱਗ ਪੁਰਖ ਨਿਰੰਕਾਰ ਨੇ ਸ਼ਟੀ-ਰਚਨਾ ਦਾ ਪੂਰਾ ਹੀ ਥਾਟ ਬਣਾਉ ਬਣਾਇਆ ਹੈ। ਦੇਖਣ ਵਾਲੀ ਅਚਰਜ ਗੱਲ ਇਹ ਹੈ ਕਿ ਭ ਇਕ ਸਮਾਨ ਹੀ ਥਾਟ ਥਟਿਆ ਹੋਇਆ ਹੈ।

"ਪੂਰੇ ਕਾ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ"

ਗੁਰੂ ਪੂਰੇ ਨੇ ਰਚਨਾ ਵਿਚਿ ਕਿਤੇ ਘਾਟ ਵਾਧ ਨਹੀਂ ਕੀਤੀ, ਇਕ ਸਮਾਨ ਹੀ ਰਚਨਾ ਰਚੀ ਹੈ। ਹ ਰਚਿਆ ਹੋਇਆ ਸਾਰਾ ਸੰਸਾਰ ਪੰਜਾਂ ਤਤਾਂ ਦੀ ਹੀ ਰਚੀ ਪਰਪੰਚ ਰਚਨਾ ਹੈ। ਸਾਰੇ ਸੰਸਾਰੀ ਪੁਰਸ਼ -ਤਤਕੀ ਪੰਜ-ਭੂਤਕੀ ਕਰਮ ਕਰਦੇ ਹਨ। ਪਰ ਇਸ ਪਰਪੰਚ ਸੰਸਾਰ ਵਿਚਿ ਵਡਿਆਈ ਹੈ ਤਾਂ ਸਾਚੇ ਮ ਨਿਰਬਾਣੀ ਕਰਮ ਕਮਾਈਆਂ ਕਰਨਹਾਰਿਆਂ ਦੀ ਹੈ। ਹੋਰ ਕਿਸੇ ਕਰਮ ਦੀ, ਕਿਸੇ ਆਨ ਕਰਮ ਰਨਹਾਰੇ ਦੀ ਵਡਿਆਈ ਨਹੀਂ। ਮਤੇ ਕੋਈ ਆਨ ਪਰਪੰਚ ਕਰਮੀ ਆਪਣੇ ਪਰਪੰਚ ਕਰਮ ਦੀ ਵਡਿਆਈ ਈ ਫਿਰੇ ਤੇ ਕਰਮ ਵਡਿਆਈ ਦਾ ਅਭਿਮਾਨ ਕਰੀ ਫਿਰੇ, ਅਭਿਮਾਨ ਕਰ ਕੇ ਆਪਣੇ ਹਿਰਦੇ ਅੰਦਿਰ



www.AKJ.Org

ਧਰੀ ਫਿਰੇ। ਜੇ ਕੋਈ. ਕਿਸੇ ਹੋਰ ਆਪਣੇ ਕੀਤੇ ਕਰਮਾਂ ਦਾ ਅਭਿਮਾਨ ਆਪਣੇ ਮਨ ਵਿਚ ਕਰਦਾ ਹੈ, ਉਸ ਦਾ ਐਸਾ ਕਰਨਾ ਬਿਰਥਾ ਹੈ। ਬਿਰਥਾ ਹੀ ਨਹੀਂ ਮਹਾਂ ਮੂਰਖਤਾ ਭਰਿਆ ਗੁਮਾਨ ਹੈ। ਤ੍ਰਿਤੀਏਸ ਗੁਰੂ ਨਾਨਕ ਅਮਰੇਸ਼ ਨੇ ਮੋਹਰ ਲਾ ਦਿਤੀ ਹੈ ਕਿ ਪਰਪੰਚ-ਰਚਨਾ ਦੇ ਪਰਪੰਚੀ ਲੋਕਾਂ ਦੇ ਪਰਪੰਚ ਕਰਮਾਂ ਦੀ ਕੋਈ ਵਡਿਆਈ ਨਹੀਂ। ਇਸ ਪਰਪੰਚ ਵਿਖੇ ਵਡਿਆਈ ਹੈ ਤਾਂ ਸਾਚੇ ਨਾਮ, ਨਿਰਬਾਣੀ ਨਾਮ ਕਰਮ ਅਭਿਆਸ ਦੀ ਹੈ। ਆਨ ਪਰਪੰਚ-ਕਰਮੀ ਆਪੋ ਆਪਣੇ ਕਰਮਾਂ ਧਰਮਾਂ ਦਾ ਫ਼ਜ਼ੂਲ ਮਾਨ ਗੁਮਾਨ ਕਰੀ ਫਿਰਦੇ ਹਨ।

ਸਤਿਗੁਰੂ ਦੀ ਜਿਸ ਨੂੰ ਸੱਚੀ ਸੁਮਤਿ ਗੁਰਮਤਿ ਮਤਿ ਆਉਂਦੀ ਹੈ, ਉਹ ਸੱਚੇ ਸਤਿਗੁਰੂ ਤੋਂ ਗੁਰ ਦੀਖਿਆ ਲੈ ਕੇ, ਉਸ ਗੁਰ-ਦੀਖਿਆ ਅਨੁਸਾਰੀ ਕਰਮ ਕਮਾਈਆਂ ਕਰਦਾ ਹੈ ਅਤੇ ਇਹ ਕਰਮ ਕਮਾਈਆਂ ਕਰਦਾ ਕਰਦਾ ਸਤਿਗੁਰੂ ਦੇ ਸਰੂਪ ਵਿਖੇ ਸਮਾ ਜਾਂਦਾ ਹੈ। ਇਹ ਕਰਮ ਕਮਾਈ ਸੱਚੇ ਨਾਮ ਦੀ ਹੀ ਹੈ, ਜੋ ਗੁਰ-ਦੀਖਿਆ ਗੁਰਮੰਤ ਦੁਆਰਾ ਸਤਿਗੁਰੂ ਦੇ ਦੁਆਰਿਉਂ ਗੁਰਸਿਖਾਂ ਗੁਰਮੁਖ ਜਨਾਂ ਨੂੰ ਪ੍ਰਾਪਤਿ ਹੁੰਦੀਹੈ। ਜਿਸ ਨਾਮ ਅਭਿਆਸ-ਮਈ ਕਰਮ ਕਮਾਈ ਨੂੰ ਕਰਿ ਕਰਿ ਉਕਤ ਗੁਰਮੁਖ ਜਨ ਪੰਚ ਪਰਵਾਨ ਪੰਚ ਪ੍ਰਧਾਨ ਗੁਰੂ ਵਰ ਦਰ ਨੀਸ਼ਾਨੇ ਹੋ ਜਾਂਦੇ ਹਨ। ਜੋ ਸਤਿਗੁਰੂ ਦੀ ਉਪਦੇਸ਼ ਦੀਖਿਆ ਰੂਪੀ ਬਾਣੀ ਨੂੰ ਮਨੋਂ ਤਨੋਂ ਹਿਤੋਂ ਚਿਤੋਂ ਜਿਗਰੋਂ ਸਤਿ ਜਾਣ ਕੇ ਮੰਨਦਾ ਹੈ ਤਿਸ ਗੁਰਮੁਖ ਜਨ ਦੇ ਹੀ ਹਿਰਦੇ ਅੰਦਿਰ, ਅੰਤਿਰ ਆਤਮੇ, ਰਗੋ ਰੇਸ਼ੇ ਅੰਦਰਿ, ਰੋਮ ਰੋਮ ਵਿਚ ਸੱਚੜਾ ਨਾਮ ਦ੍ਰਿੜ੍ਹਤਾ ਸਹਿਤ ਪਰਵੇਸ਼ ਹੋ ਜਾਂਦਾ ਹੈ। ਓਹੀ ਜਨ ਜੁਟ ਕੇ ਤੇ ਟੁਟ ਕੇ ਨਾਮ ਅਭਿਆਸ ਕਮਾਈਆਂ ਕਰਦਾ ਹੈ। ਏਸੇ ਪਰਧਾਨ ਕਰਮ ਦੁਆਰਾ ਹੀ ਨਿਸਤਾਰਾ ਪਾਰ-ਉਤਾਰਾ ਹੈ। ਇਹੀ ਨਾਮ-ਅਭਿਆਸ ਰੂਪੀ ਸੱਚੜਾ ਪਰਧਾਨ ਕਰਮ ਹੀ ਸਫਲ ਫਲਾਰਾ ਹੈ।

ਗੁਰਮਤਿ ਨਾਮ ਦੀ ਇਸ ਪਰਧਾਨਤਾ (ਫ਼ਜ਼ੀਲਤ) ਦਾ ਤੱਤ ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ ਦੇਖੇ ਕਰਮਾਂ ਦੇ ਗੁੱਰਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਹਰ ਫ਼ਰਦੇ ਬਸ਼ਰ (ਪ੍ਰਾਣੀ ਮਾਤਰ) ਲਈ ਬਰਕਤਾਂ ਦਾ ਖ਼ਜਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੈ। ਨਾਮ ਨਿਧਾਨੀ ਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ ਪਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਹ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰਿ ਜੈ ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂਤੇ ਚੌਹਾਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ। ਮਲੇਛ ਰਾਜ' ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਸ ਕਰਕੇ ਖਾਲਸਾਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੂ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿਖੀ ਦਾ ਹੈ। ਨਾਮ ਨਿਧਾਨ ਤਿਨ੍ਹਾ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾ ਤੋਂ ਕੀ ਹੋਣੀਆਂ ਸਨ। ਅਹੰਮਤ ਮਤਸਰੀ ਬਣੇ ਹੋਏ ਆਪਣੀ



www.AKJ.Org

ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਾਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ। ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਾਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤ੍ਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੂਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ। "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ" ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸਚੇ ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖ ਜਨ ਖਾਲਸਾ ਕੌਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚੌਹਾਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ। ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂੰ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੂਰਮੱਤ ਪਰਧਾਨ ਸਪਿਰਿਟ ਦੇ ਤਾਣ। ਖਾਲਸਾਈ ਸਪਿਰਿਟ ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ

ਸਿਰ ਊਪਰਿ ਠਾਢਾ ਗੁਰੁ ਸੂਰਾ॥
ਨਾਨਕ ਤਾ ਕੇ ਕਾਰਜ ਪੂਰਾ॥੧॥ (੮॥੨੨)
(ਗਉੜੀ ਸੁਖਮਨੀ ਮ:੫, ਪੰਨਾ ੨੯੩)

ਸਪਿਰਿਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਂਇ ਵਾਲਾ ਹਲੇਮੀ ਰਾਜ ਵਰਤ ਜਾਵੇ, ਜਾਂ ਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਾਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇ ਤੋਂ ਹੀਣ ਹੀਜੜੀ ਸਰਕਾਰ ਦੀ ਗੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਿਟ ਤੋਂ ਖ਼ਾਲੀ ਅਤੇ ਖਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖਾਰਜ ਹੋ ਜਾਣਗੇ। ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ ਦਾ' ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਯਰਕਈ ਸਿਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗੁਲਾਮਾਂ ਦੇ ਬੇਦਾਰਦ ਹਿਰਦਿਆਂ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਹੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਨਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸਟ ਦਸਣ ਦੀ ਕੋਝੀ ਕਰਤੂਤ ਕੀਤੀ ਤੇ ਉਲਟੀ ਖ਼ੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ



www.AKJ.Org

ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖ਼ਰੂ ਹੋਈਆਂ। ਸਾਨੂੰ ਮੁਸਰੱਤ (ਖ਼ੁਸ਼ੀ) ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆਂ ਸ਼ਹੀਦੀਆਂ ਜੜੋਂ ਉਖੇੜ ਗਈਆਂ। ਅਜਿਹੀਆਂ ਸਤੋਗਣੀਆਂ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਿਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚੌਹਾਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਫੜੱਤੀ ਆਸਾਰ ਹਨ। ਚੌਹਾਂ ਜੁਗਾਂ ਦਾ ਨਿਬੇੜਾ ਕਰਨਹਾਰੇ ਇਕੋ ਇਕ ਨਿਧਾਨ ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰਿ ਗੁਰੂ ਖਾਲਸਾ ਜੀ ਦੀ ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗੰਤਰੀ ਘੁੰਮਣ ਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰ ਮੇਹਰ ਨਾਲਿ ਹੁਣ ਦੇ ਨਿਆਉਂ ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾਂ ਪ੍ਰਾਪਤਿ ਹੈ। "ਚਹੁ ਜਗਾ ਕਾ ਹੁਣਿ ਨਿਬੇੜਾ ਨਰ ਮਨੁਖਾਂ ਨੇ ਏਕੁ ਨਿਧਾਨਾ" ਦਾ ਧੁਰਿ ਧੁਰੰਦਰੀ ਉਚਰਿਆਂ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਰ ਲਈ ਹੈ। ਹਰੇਕ ਪਿਛਲੇ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮ ਹੈ" ਪਿਛਲੇ ਜੁਗਾਂ ਸਤਿਜੁਗ ਤ੍ਰੇਤਾ ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹੀ ਹੋਣਾ ਹੈ ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤ ਕਰਮ ਕਰਿ ਕਰਿ ਥਕ ਲੈਣ। "ਕਲਿ ਮਹਿ ਕੀਰਤਿ ਹਰਿ ਨਾਮਾ।।" ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ। ਇਹੁ ਨਿਧਾਨੁ ਜਪੈ ਮਨਿ ਕੋਇ।। ਸਭ ਜੁਗ ਮਹਿ ਤਾ ਕੀ ਗਤਿ ਹੋਇ।। ਗੁਣ ਗੋਬਿੰਦ ਨਾਮ ਧੁਨਿ ਬਾਣੀ।। ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ।। ਸਗਲ ਮਤਾਂਤ ਕੇਵਲ ਹਰਿ ਨਾਮੁ।।ਗੋਬਿੰਦ ਭਗਤ ਕੈ ਮਨਿ ਬਿਸ੍ਰਾਮ।।......੭।।(੮।।੨੪)

(ਗਉੜੀ ਸੁਖਮਨੀ ਮ:੫, ਪੰਨਾ ੨੯੬)

ਇਹ ਨਾਮ ਰੂਪੀ ਨਿਧਾਨ ਖਜਾਨਾ ਪਾ ਕੇ ਜਿਸ ਕਿਸੇ ਨੇ ਭੀ ਇਸ ਦੀ ਵਰਤੋਂ ਕਿਰਤ ਕਮਾਈ ਜਾਪ ਅਭਿਆਸ ਮਈ ਕਿਰਤ ਕਮਾਈ ਕੀਤੀ ਹੈ ਸਭ ਜੁਗਾਂ ਮਾਹੀਂ, ਚੌਹਾਂ ਜੁਗਾਂ ਦੇ ਪ੍ਰਾਣੀਆਂ ਵਿਚੋਂ ਕੇਵਲ ਉਸੇ ਨਾਮ ਨਿਧਾਨੁ ਜਪਣ-ਹਾਰੇ ਦੀ ਗਤਿ ਕਲਿਆਣ ਹੋਈ ਹੈ, ਹੁੰਦੀ ਹੈ ਅਤੇ ਹੋਵੇਗੀ। ਹੋਰ ਕਿਸੇ ਜੁਗੁ ਜੁਗੰਤਰੀ ਪਰਸਿਧ ਕਰਮ ਧਰਮ ਦੁਆਰਾ ਕਿਸੇ ਭੀ ਪ੍ਰਾਣੀ ਦੀ ਗਤਿ ਕਲਿਆਣ ਨਹੀਂ ਹੁੰਦੀ, ਨਾ ਹੋ ਸਕਦੀ ਹੈ। ਨਾਮ ਨਿਧਾਨੀ ਪਰਧਾਨ ਕਰਮੀ ਗੁਰਮੁਖ ਜਨਾਂ ਦਾ ਗੁਣ ਗੋਬਿੰਦ ਗਾਉਣਾ ਅਤੇ ਨਾਮ ਧੁਨੀ ਨੂੰ ਧੁਨਾਓਣਾ, ਗੁਰਬਾਣੀ ਨੂੰ ਉਚਾਰਨਾ ਇਹੀ ਸ਼ਾਸਤ੍ਰ ਸਿਮ੍ਰਿਤ ਬੇਦ ਉਚਾਰਨਾ ਹੈ। ਨਾਮ-ਨਿਧਾਨੀ ਗੁਰਸਿਖਾਂ ਗੁਰਮੁਖਾਂ ਗੁਰਮੁਖ ਪਰਧਾਨੀਆਂ ਦੇ ਨਿਕਟ ਨਾਮ ਨਿਧਾਨ ਨੂੰ ਜਪਣਾ ਅਤੇ ਨਾਮ-ਧੁਨੀਆਂ ਵਿਚਿ ਮਸਤੂਲ ਮਸਤ ਹੋ ਕੇ ਗੁਣ ਗੁਬਿੰਦ ਗਾਵਣਾ ਹੀ ਸਿਮ੍ਰਿਤਿ ਬੇਦ ਉਚਾਰਨਾ ਹੈ। ਹੋਰ ਕੋਈ ਆਨਮਤ ਸ਼ਾਸਤ੍ਰ ਸਿਮ੍ਰਿਤ੍ਰਿ ਬੇਦ ਸਿਮਰਤੀ ਗੁਰਸਿਖਾਂ ਦਾ ਅਭਿਆਸ ਵਿਸ਼ਾ ਨਹੀਂ। ਉਸਨੇ ਸਾਰੇ ਸ਼ਾਸਤ੍ਰ ਸਿਮ੍ਰਿਤਿ ਬੇਦ ਵਖਾਣ ਲਏ ਜਿਸ ਨੇ ਨਾਮ-ਨਿਧਾਨ ਨੂੰ ਜਪ ਲਇਆ। ਐਸੀ ਉਚ ਪਾਰਸ ਕਲਾ ਹੈ ਨਾਮ ਨਿਧਾਨ ਜਪੀਸ਼ਰਾਂ ਦੀ। ਇਸੇ ਕਲਾ ਦੁਆਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਸੱਚੇ ਗੁਰੂ ਪਾਤਸ਼ਾਹ ਨੇ ਆਪਣੀ ਚੋਜਲਾਣੀ


www.AKJ.Org

ਚੋਜ ਵਿਡਾਣੀ ਛਿਟੀ ਦੀ ਪਾਰਸ-ਛੋਹ ਨਾਲਿ ਨਾਮ ਨਿਧਾਨ ਦੀ ਰੌ ਮੂੜ੍ਹ ਅਗਿਆਨੀ ਗੁੰਗਲੇ ਪਿੰਗਲੇ ਝੀਵਰ ਦੇ ਰੋਮ ਰੋਮ ਅੰਦਰਿ ਚਲਾ ਦਿਤੀ। ਪਾਰਸੁਛੋਹੀ ਨਾਮ-ਨਿਧਾਨ ਦੇ ਪਰਤਾਪ ਨਾਲਿ ਉਸ ਦੇ ਐਸੇ ਕਪਾਟ ਖੁਲ੍ਹੇ ਕਿ ਸਪਤ ਸਲੋਕੀ ਸੰਸਕ੍ਰਿਤੀ ਗੀਤਾ ਦਾ ਸਣੇ ਅਸਲ ਅਰਥਾਂ ਦੇ ਉਸ ਨੇ ਵਖਿਆਨ ਦਿਤਾ। "ਸਿਮ੍ਰਿਤਿ ਸਾਸਤ੍ਰ ਬੇਦ ਵਖਾਣੀ" ਦੇ ਇਹ ਤੱਤ ਵਾਸਤਵੀ ਅਰਥ ਹਨ ਉਪਰਲੀ ਸੁਖਮਨੀ ਸਾਹਿਬ ਦੀ ਤੁਕ ਦੇ। ਕੇਵਲ ਗੁਰਮਤਿ ਨਾਮ ਵਿਚਿ, ਗੁਰਮਤਿ ਨਾਮ ਦੀ ਪ੍ਰਭਾ ਵਿਚਿ ਸਗਲ ਮਤ-ਮਤਾਂਤਰ ਅਤੇ ਮਤ ਮਤਾਂਤਰੀ ਬੇਦ ਮੰਤ੍ਰ ਆਦਿਕ ਆ ਗਏ। ਓਹਨਾਂ ਆਨਮਤ ਮਤਾਂਤਰੀ ਮੰਤ੍ਰਾਂ ਦੀ ਨਾਮ-ਨਿਧਾਨੀ ਗੁਰਮੁਖ ਜਨਾਂ ਨੂੰ ਲੋੜ ਨਹੀਂ ਰਹੀ। ਨਾਮ-ਨਿਧਾਨੀ ਗੋਬਿੰਦ ਭਗਤ ਦੇ ਮਨ ਅੰਦਰਿ ਉਕਤ ਮਤਾਂਤ ਮਤ ਮਤਾਂਤਰੀ ਐਉਂ ਨਿਵਾਸ ਬਿਸਰਾਮ ਕਰਦੇ ਹਨ। ਜਿਵੇਂ ਗੁੰਗੇ ਬਹਿਰੇ ਨਾਮ ਨਿਧਾਨੀ ਪਿੰਗਲੇ ਦੇ ਅੰਦਰਿ ਪਰਵੇਸ਼ ਕਰ ਗਏ ਸਨ। ਤਾਂਤੇ ਕਲਜੁਗ ਅੰਦਰਿ ਜੋ 'ਕਿਰਤਿ ਹਰਿਨਾਮ' ਸਿਫਤ ਸਾਲਾਹ ਨਾਮ ਅਭਿਆਸ ਦੀ ਕਰਨੀ ਕਮਲ ਜਮਾਲ ਹੈ, ਜਿਸ ਕਮਲ ਜਮਾਲੀ ਕਰਮ ਦੇ ਤੁੱਲ ਹੋਰ ਕੋਈ ਜੁਗ-ਜੁਗਾਂਤਰੀ ਕਰਮ ਨਹੀਂ ਤੁਲਦਾ ਢੁਕਦਾ, ਤ੍ਰਿਕਾਲ ਦਰਸੀ ਸਤਿਗੁਰ ਅੰਤਰਯਾਮੀ ਨੇ ਸਾਰੇ ਜੁਗ ਜੁਗੰਤਰੀ ਧਰਮ ਕਰਮ ਵਾਲੇ ਬੇਦਾਂ ਤੇ ਪੁਰਾਣਾਂ ਨੂੰ ਸੋਧ ਕੇ ਵੇਖ ਲਿਆ ਅਤੇ ਸੋਧ ਕੇ ਇਹ ਸਿੱਟਾ ਕਢਿਆ ਕਿ ਓਹਨਾਂ ਆਨਮਤਾਂ ਦਾ ਜੁਗਿ ਜੁਗਿ ਆਪੋ ਆਪਣਾ ਧਰਮ ਹੀ ਚੌਹਾਂ ਜੁਗਾਂ ਦੇ ਆਨਮਤ ਕਰਮ ਕਾਂਡੀਆਂ ਨੇ ਧਾਰਨ ਕੀਤਾ ਹੋਇਆ ਹੈ।

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥(੮॥੧)
(ਗਉੜੀ ਬੈਰਾਗਣਿ ਰਵਿਦਾਸ ਜੀਉ), (ਪੰਨਾ ੩੪੬)

ਅਰਥਾਤ ਸਤਿਜੁਗ ਅੰਦਰਿ ਸਤਿਵਾਦੀ ਹੋਣਾ ਸਚ ਬੋਲਣਾ ਕਰਮ ਹੀ ਪਰਧਾਨ ਸੀ। ਤ੍ਰੇਤੇ ਜੁਗ ਅੰਦਰਿ ਯੱਗ ਕਰਨੇ ਤੇ ਦੁਆਪਰ ਜੁਗ ਅੰਦਰਿ ਪੂਜਾ ਆਚਾਰ ਕਰਮ ਕਰਨੇ ਮੁਖ ਧਰਮ ਸਨ। ਤੇਹਾਂ ਜੁਗਾਂ ਅੰਦਰਿ ਇਹ ਉਪਰ ਦੱਸੇ ਤਿੰਨੇ ਪ੍ਰਕਾਰ ਦੇ ਕਰਮ ਧਰਮ ਹੀ ਪਰਵਿਰਤ ਸਨ। ਪ੍ਰੰਤੂ ਕਲਜੁਗ ਅੰਦਰ ਤਾਂ ਕੇਵਲ ਨਾਮ ਨਿਰਬਾਣੀ ਪਰਧਾਨ ਕਰਮ ਹੀ ਸਭ ਦਾ ਆਧਾਰ ਰੂਪ ਹੈ। ਏਸੇ ਦੇ ਆਧਾਰ ਆਸਰੇ ਹੀ ਸਭ ਦਾ ਉਧਾਰ ਹੋਣਾ ਹੈ। ਸਾਰੇ ਜੁਗਾਂ ਦਾ ਉਧਾਰ ਨਿਸਤਾਰਾ ਹੋਣਾ ਹੈ। ਤਾਂਤੇ ਹੋਰਸ ਤਿਹਾਂ ਜੁਗਾਂ ਅੰਦਰਿ ਆਨਮਤ ਕਰਮ ਧਰਮ ਕੀਤੇ ਸਭ ਐਵੇਂ ਨਿਸਫਲ ਹੀ ਗਏ। "ਗੁਰਮੁਖਿ ਨੇ ਗੁਰਮਤਿ ਨਾਮ ਨੂੰ ਧਿਆਇਆ ਸੇਈ ਅਭਿਆਸ ਕਰਮ ਕਮਾਈਆਂ ਵਾਲੇ ਗੁਰਮੁਖ ਜਨ ਪੂਰੇ ਪਰਵਾਨ ਪਏ ਹਨ। ਤਿਨ੍ਹਾਂ ਦੀ ਅਭਿਆਸ ਕਰਮ ਕਮਾਈ ਹੀ ਲੋਕ ਪਰਲੋਕ ਪਰਵਾਨ ਪਈ ਹੈ। ਸੋਈ ਗੁਰਮੁਖ ਨਾਮ ਧਰਮੀ ਪਰਧਾਨ ਕਰਮੀ ਹਨ। ਇਸ ਬਿਧਿ ਸੱਚੀਆਂ ਨਾਮ ਅਭਿਮਾਨ ਕਮਾਈਆਂ ਕਰਿ ਕਰਿ ਜਿਹੜੇ ਗੁਰਮੁਖ ਜਨ ਸੱਚੇ ਵਾਹਿਗੁਰੂ ਪ੍ਰੀਤਮ ਨਾਲਿ ਪ੍ਰੇਮ ਪ੍ਰੀਤ ਪਿਆਰ ਵਾਲਾ ਨੇਹੁੰ ਲਾਉਂਦੇ ਹਨ ਤਿਨ੍ਹਾਂ ਦੇ ਮਨ ਅੰਦਰਿ ਮਾਨ ਅਭਿਮਾਨ ਦੀ ਰਾਈ ਭੀ ਨਹੀਂ ਰਹਿੰਦੀ। ਹੋਰਤ ਆਨਮਤ ਕਰਮ ਕਰਨਹਾਰੇ ਕਰਮ ਅਭਿਮਾਨੀ ਹੋ ਜਾਂਦੇ ਹਨ। ਇਸ ਕਰਮ ਅਭਿਮਾਨ ਤੋਂ ਬਿਨਾਂ ਤਿਨ੍ਹਾਂ ਦੇ ਪੱਲੇ ਹੋਰ ਕੁਛ ਨਹੀਂ ਪੈਂਦਾ। ਗੁਰਬਾਣੀ ਨੂੰ, ਗੁਰਮਤਿ ਨਾਮ ਨੂੰ ਕਹਿਣ ਸੁਨਣਹਾਰੇ ਸੱਚੇ ਸਦੀਵੀ ਸੁਖ ਨੂੰ ਪ੍ਰਾਪਤਿ ਹੁੰਦੇ ਹਨ ਅਤੇ ਅਜਿਹੀਆਂ ਨਾਮ-ਅਨੰਦੀ ਕਰਮ ਕਮਾਈਆਂ ਕਰਨਹਾਰੇ ਨਾਮ ਨਿਧਿਆਸਨੀ ਜਨ ਵਾਹਿਗੁਰੂ ਦੇ ਸੱਚੇ ਦਰਸ਼ਨ-ਮਿਲਾਪ ਰੂਪੀ ਤੱਤ ਜੋਤਿਤ ਜੋਤਿ-ਅਨੰਦੀ ਖ਼ਜ਼ਾਨੇ ਦੇ ਮਾਲਕ ਬਣ ਜਾਂਦੇ ਹਨ।

---

## ਛੰਦ

(ਗੁਰਭੇਜ ਸਿੰਘ ਬਾਦਸਾਹਪੁਰੀ)

ਨਸ਼ੇ ਤੂੰ ਬੰਦਿਆਂ ਮਨੋਂ ਤਿਆਗ ਦੇ,
ਸਾਰੇ ਔਗੁਣਾਂ ਨੂੰ ਬੰਦਿਆਂ ਮਨੋਂ ਤਿਆਗ ਦੇ।
ਸਭ ਦਾ ਭਲਾ ਕਰਿਆ ਕਰ,
ਤੂੰ ਮਾੜੇ ਬੰਦਿਆਂ ਦਾ ਸੰਗ ਤਿਆਗ ਦੇ।
ਸਭ ਨੂੰ ਗਲਵੱਕੜੀ ਪਾਇਆ ਕਰ,
ਨਾਲੇ ਪੰਜੇ ਦੁਸ਼ਮਣਾ ਨੂੰ ਮਨੋਂ ਤਿਆਗ ਦੇ।
ਸਿੱਖ ਕੌਮ ਸਭ ਨੂੰ ਪਿਆਰ ਕਰਦੀ ਆਈ ਏ,
ਨਫਰਤ ਤੇ ਘਿਰਣਾ ਨੂੰ ਮਨੋਂ ਤਿਆਗ ਦੇ।
ਗੁਰੂ ਗ੍ਰੰਥ ਸਾਹਿਬ ਜੀ ਦੀ ਲੱਗ ਚਰਨੀ,
ਭੈੜੇ ਅਮਲਾਂ ਨੂੰ ਮਨੋਂ ਤਿਆਗ ਦੇ।



www.AKJ.Org

# ਅਕਾਲ ਪੁਰਖ ਦੀ ਦਰਗਾਹ

(ਵਲੋਂ-ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ,ਪੰਥੁ ਸੁਹੇਲਾ ਆਗੈ ਹੋਇ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ, ਆਗੈ ਮਿਲੈ ਵਡਾਈ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ, ਤਾਂ ਪਤਿ ਲੇਖੈ ਪਾਈ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ, ਰੰਗ ਸਿਉ ਰਲੀਆ ਮਾਣੈ॥ ਮਰਣੁ ਨ ਮੰਦਾ ਲੋਕਾ ਆਖੀਐ, ਜੇ ਕੋਈ ਮਰਿ ਜਾਣੈ॥

(ਵਡਹੰਸੁ ਮ:੧, ਪੰਨਾ ੫੭੯)

ਇਸ ਗੁਰ-ਵਾਕ ਦੁਆਰਾ ਮਰਨ ਪਿਛੋਂ ਅੱਗਾ, ਅਗਲਾ ਪੰਥੁ, ਅਗਲੇ ਲੋਕ ਦਾ ਬਿਰਤਾਂਤ ਸਪੱਸ਼ਟ ਸਿਧ ਹੈ, ਅੱਗਾ ਹੈ। ਪਰ ਅੱਗਾ ਸੁਹੇਲਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੇ ਇਸ ਜਨਮ ਵਿਖੇ ਆਪਣਾ ਜੀਵਨ ਐਸਾ ਸੰਵਾਰਿਆ ਹੈ ਕਿ ਮਰਨ ਸਮੇਂ ਭੀ ਉਨ੍ਹਾਂ ਨੂੰ ਨਾਮ ਚਿਤਿ ਆਇਆ ਹੈ। ਨਾਮ ਵਿਹੂਨੜਿਆਂ, ਨਾਮ ਸੁਨੜਿਆਂ ਦਾ ਮਰਨ ਭੀ ਮੰਦਾ। ਮਰਨ ਪਿਛੋਂ ਤਿਨ੍ਹਾਂ ਦਾ ਅਗਲੇਰਾ ਹਾਲ ਭੀ ਮੰਦਾ। ਯਕੀਨ ਵਸੂਕ ਵਾਲੀ ਗੱਲ ਹੈ। ਸੱਚੇ ਸੂਰਮੇ ਕਰਨੀ ਦੇ ਸੂਰੇ, ਕਮਾਈ ਦੇ ਪੂਰੇ ਤੇ ਸੁੱਚੇ ਭਾਂਡੇ ਉਹ ਹਨ ਜਿਨ੍ਹਾਂ ਨੇ ਜੀਉਂਦੇ-ਜੀ ਸਾਹਿਬ ਸੇਵਿਆ ਤੇ ਸਿਮਰਿਆ ਹੈ ਅਤੇ ਮਰਨ ਸਮੇਂ ਭੀ ਸੇਵਾ ਸਿਮਰਨ ਨਹੀਂ ਵਿਸਾਰਿਆ। ਐਸੇ ਮੁਣਸਾਂ ਸੂਰਮਿਆਂ ਦਾ ਮਰਨਾ ਹਕ-ਹਕੀਕੀ ਸਚਾ ਹੈ, ਜੋ ਪਰਵਾਨ ਹੋ ਕੇ ਮਰਦੇ ਹਨ।

ਅਗੇ ਚਲ ਕੇ ਭੀ ਸੇਈ ਜਨ ਸੂਰਮੇ ਸਦਾਉਂਦੇ ਹਨ ਜਿਨ੍ਹਾਂ ਨੂੰ ਸੱਚੀ ਦਰਗਾਹੇ ਜਾ ਕੇ ਸਚੜਾ ਮਾਣ ਮਿਲਦਾ ਹੈ। ਇਕੋ ਇਕ ਵਾਹਿਗੁਰੂ ਧਿਆਉਣ-ਹਾਰਿਆਂ ਨੂੰ ਅਗੇ ਚਲ ਕੇ ਦੁਖ ਨਹੀਂ ਲਗਦਾ, ਜਮ-ਮਾਰਗੀ ਜਾਣ ਵਾਲਿਆਂ ਨੂੰ ਦੁਖ ਲਗਦਾ ਹੈ। ਸਿਮਰਨ ਵਾਲਿਆਂ ਦਾ ਇਹ ਭਾਉ ਭਾਗ ਬਣੇਗਾ ਕਿ ਉਹ ਸਗੋਂ ਪਤਿ ਸੇਤੀ ਦਰਗਾਹੇ ਜਾ ਕੇ ਸਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ-

ਮਰਣੁ ਮੁਣਸਾਂ ਸੂਰਿਆ ਹਕੁ ਹੈ,
ਜੋ ਹੋਇ ਮਰਹਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ,
ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ,
ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲ ਪਾਵਹਿ,
ਜਿਤੁ ਸੇਵਿਐ ਭਉ ਭਾਗੈ॥- - -

(ਵਡਹੰਸ ਮ:੧, ਪੰਨਾ ੫੮੦)

ਇਸ ਗੁਰਵਾਕ ਅੰਦਰ ਭੀ ਅੱਗਾ ਤੇ ਅਗਲੀ ਦਰਗਾਹ ਜ਼ੋਰਦਾਰ ਸੱਤਤਾ ਸਹਿਤ ਪਰਵਾਨੇ ਗਏ ਹਨ। ਪਰੰਤੂ ਇਹ ਸਤਿਗੁਰੂ ਦੀ ਸੇਵਾ ਚਾਕਰੀ ਹੀ ਹੈ ਜੋ ਜਗਿਆਸੂਆਂ ਨੂੰ ਅਗਲੀ ਦਰਗਹ ਅੰਦਰ ਸੁਰਖ਼ਰੂ ਸੇਵਾ-ਸਿਮਰਨ-ਕਮਾਈ ਕਰਨ-ਹਾਰਿਆਂ ਨੂੰ ਐਥੇ (ਇਸ ਲੋਕ ਵਿਖੇ) ਵਡਿਆਈਆਂ ਮਿਲਦੀਆਂ ਹਨ ਅਤੇ ਅਗਲੀ ਦਰਗਾਹ ਵਿਖੇ ਮੋਖ ਦੁਆਰ ਪਦਵੀ ਮਿਲਦੀ ਹੈ। ਯਥਾ ਗੁਰਵਾਕ-

ਸਤਿਗੁਰ ਕੀ ਸੇਵਾ ਚਾਕਰੀ, ਸੁਖੀ ਹੂੰ ਸੁਖ ਸਾਰੁ॥
ਐਥੈ ਮਿਲਨਿ ਵਡਿਆਈਆ, ਦਰਗਹ ਮੋਖਦੁਆਰੁ॥

(ਸਲੋਕੁ ਮ:੩, ਪੰਨਾ ੫੮੬)

ਹਰਿ-ਦਰਗਾਹ ਅੰਦਰ ਢੋਈ ਤਿਨ੍ਹਾਂ ਨੂੰ ਹੀ ਮਿਲਦੀ ਹੈ ਜੋ ਦਿਨਸ-ਰਾਤ ਵਾਹਿਗੁਰੂ ਦਾ ਜਾਪ-ਸਿਮਰਨ ਕਰਦੇ ਹਨ। ਯਥਾ ਗੁਰਵਾਕ-

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ,
ਹਰਿ ਦਰਗਹ ਢੋਈਐ॥

(ਪਉੜੀ ਵਾਰ ਵਡਹੰਸ ਕੀ, ਪੰਨਾ੫੮੭

ਗੁਰਸਿਖਾਂ ਦੇ ਹੀ ਹਰੀ ਦਰਗਾਹੇ ਮੁਖ ਉਜਲੇ ਹਨ। ਯਥਾ ਗੁਰਵਾਕ-

ਗੁਰਸਿਖਾ ਕੇ ਮੁਖ ਉਜਲੇ, ਹਰਿ ਦਰਗਹ ਭਾਵਹਿ॥

(ਪਉੜੀ ਵਡਹੰਸ ਵੀ ਵਾਰ, ਪੰਨਾ ੫੯੦

*ਹਰੀ ਦਰਗਾਹ ਦਾ ਹੋਣਾ ਸਤਿ ਕਰ ਮੰਨਣਾ ਐਨ ਗੁਰਮਤਿ ਅਨਕੂਲ ਹੈ ਗੁਰਮਤਿ ਅਨੁਸਾਰ ਨਿਰੰਕਾਰ ਦਾ ਦੇਸ ਭੀ ਹੈ ਅਤੇ ਨਿਰੰਕਾਰੀ ਦਰਗਾਹ ਭੀ ਹੈ*

ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ॥੩॥

(ਸੋਰਠਿ ਮ:੧,ਪੰਨਾ ੫੯੫)

ਸੁਖ ਮਹਲੀ ਮਹਲ ਨਿਰੰਕਾਰੀ ਦੇਸ ਇਹ ਅਗਲੇ ਲੋਕ ਵਿਖੇ ਹੀ ਹਨ, ਜਿਥੇ ਜਾਇ ਕੇ ਵਸਣਾ ਰਸਣਾ ਹੈ। ਸਤਿ ਕਰ ਮੰਨਣਾ ਗੁਰੂ ਕੇ ਸਿਖੋ ਭਾਈਓ।



www.AKJ.Org

ਇਹ ਨਿਰੰਕਾਰੀ ਦੇਸ ਘਰ ਮਹਲ ਗੁਰਸਿਖਾਂ, ਅਨਿੰਨ ਅਭਿਆਸ ਕਮਾਈ ਵਾਲੇ ਗੁਰਸਿਖਾਂ ਨੂੰ ਹੀ ਪ੍ਰਾਪਤ ਹੈ, ਜਿਨ੍ਹਾਂ ਨੇ ਗੁਰੂ ਦੀ ਸਾਧ ਸੰਗਤਿ ਮਹਿ ਰਹਿ ਬਹਿ ਕੇ ਸਹਿਜ ਪਦ ਦਾ ਰਸ ਚਾਖਿਆ ਹੈ। ਜਿਨ੍ਹਾ ਨੇ ਇਹ ਰਸ ਨਹੀਂ ਚਾਖਿਆ, ਜਿਨ੍ਹਾਂ ਮਨਮੁਖਾਂ ਦੀ ਰਸਨਾ ਨੇ ਰਾਈ ਮਾਤਰ ਭੀ ਰਹਿ-ਰਸ ਨਹੀਂ ਚਾਖਿਆਂ ਗੁਰੂ ਕਾ ਨਹੀਂ ਜਾਨਿਆ, ਅਰਥਾਤ ਜਿਨ੍ਹਾਂ ਨੇ ਤਨ ਮਨ ਧਨ ਗੁਰੂ ਵਿਟਹੁ ਕੁਰਬਾਨ ਨਹੀਂ ਕੀਤਾ, ਤਿਨ੍ਹਾਂ ਨੇ ਹਰਿ-ਦਰਗਾਹੀ ਦਰ ਦੀ ਖ਼ਬਰ ਨਹੀਂ ਪਾਈ। ਮਨਮੁਖ ਮਤਸਰੀ ਪੁਰਸ਼ ਨੂੰ ਜਨਮ ਸਮੇਂ ਅੰਧੇਰ ਗੁਬਾਰ ਹੀ ਗੁਬਾਰ ਹੈ। ਉਸ ਨੂੰ ਅਗਲੀ ਦਰਗਾਹ ਵਾਲਾ ਨਾ ਘਰ ਦਿਸਦਾ ਹੈ ਨਾ ਗੁਰੂ ਦਿਸਦਾ ਹੈ। ਉਹ ਆਪਣਾ ਕੀਤਾ ਪਾਉਂਦਾ ਹੈ ਅਤੇ ਜਮ-ਦਰ ਬੱਧਾ ਹੋਇਆ ਚੋਟਾਂ ਖਾਂਦਾ ਹੈ। ਸੋਈ ਸੱਚੀ ਦਰਗਾਹ ਦੇ ਅਗਲੇ ਨਜ਼ਾਰੇ ਨੂੰ ਪਰਤੱਖ ਅੱਖੀਂ ਦੇਖਦੇ ਹਨ ਜਿਨ੍ਹਾਂ ਉਤੇ ਨਦਰੀ ਵਾਹਿਗੁਰੂ ਦੀ ਨਦਰ ਮਿਹਰ ਹੁੰਦੀ ਹੈ। ਤਿਨ੍ਹਾਂ ਦੀ ਗਹਿਣ-ਗਤੀ ਕਹੀ ਨਹੀਂ ਜਾਂਦੀ। ਯਥਾ ਗੁਰਵਾਕ-

ਸਾਧ ਸਭਾ ਮਹਿ ਸਹਜੁ ਨ ਚਾਖਿਆ, ਜਿਹਬਾ ਰਸੁ ਨਹੀ ਰਾਈ॥ ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ, ਦਰ ਕੀ ਖਬਰਿ ਨ ਪਾਈ॥ ਅਖੀ ਮੀਟਿ ਚਲਿਆ ਅੰਧਿਆਰਾ, ਘਰੁ ਦਰੁ ਦਿਸੈ ਨ ਭਾਈ॥ ਜਮ ਦਰਿ ਬਾਧਾ ਠਉਰ ਨ ਪਾਵੈ, ਅਪੁਨਾ ਕੀਆ ਕਮਾਈ॥ ਨਦਰਿ ਕਰੇ ਤਾ ਅਖੀ ਵੇਖਾ, ਕਹਣਾ ਕਥਨੁ ਨ ਜਾਈ॥

(ਸੋਰਠਿ ਮ:੧, ਪੰਨਾ ੫੯੬)

ਗੁਰਮੁਖ ਹੀ ਇਹ ਪਦ ਪਾਉਂਦੇ ਹਨ, ਮਨਮੁਖ ਆਪਣਾ ਕੀਆ ਕਮਾਉਂਦੇ ਹਨ। ਗੁਰ-ਸ਼ਬਦ ਗੁਰ-ਮੰਤਰ ਦੀ ਕਮਾਈ ਨਾਲ ਹੀ ਵਾਹਿਗੁਰੂ ਪਾਇਆ ਜਾ ਸਕਦਾ ਹੈ। ਇਸ ਗੁਰ-ਸ਼ਬਦ ਵਿਹੂਣਾ ਸਭ ਜਗ ਭਰਮਿਆ ਫਿਰਦਾ ਹੈ। ਭਰਮਦੇ ਫਿਰਦਿਆ ਭੁਲਿਆਂ ਭਟਕਦਿਆਂ ਨੂੰ ਅਗਲੀ ਦਰਗਾਹੇ ਜ਼ਰੂਰ ਸਜ਼ਾ ਮਿਲੇਗੀ। ਯਥਾ ਗੁਰਵਾਕ

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ॥ ਬਿਨੁ ਸਬਦੈ ਜਗੁ ਭੁਲਦਾ ਫਿਰਦਾ, ਦਰਗਹ ਮਿਲੈ ਸਜਾਇ॥

(ਸੋਰਠਿ, ਮ:੩, ਪੰਨਾ ੬੦੦)

ਤ੍ਰੈ ਗੁਣ ਧਾਤ ਬਹੁ ਕਰਮ ਕਮਾਵਣ-ਹਾਰਿਆਂ, ਸੰਧਿਆ ਤਰਪਣ ਗਾਇਤ੍ਰੀ ਆਦਿਕ ਆਨ-ਮਤ ਪਾਖੰਡ-ਕਰਮੀਆਂ ਨੂੰ ਅਗਲੇ ਦਰ-ਘਰ ਦੀ ਸੁਝ-ਬੁਝ ਨਹੀਂ ਹੋ ਸਕਦੀ। ਤਿਨ੍ਹਾਂ ਨੂੰ ਨਾ ਹੀ ਹਰਿ-ਰਸ ਦਾ ਸੁਆਦ ਆਇਆ, ਨਾ ਹੀ ਤਿਨ੍ਹਾਂ ਨੇ ਗੁਰੂ ਕਾ ਸ਼ਬਦ ਕਮਾਇਆ ਹੈ। ਬਿਨ ਸ਼ਬਦੇ ਤਿਨ੍ਹਾਂ ਦੁਖ ਹੀ ਪਾਇਆ ਹੈ। ਸਤਿਗੁਰੂ ਬਿਨਾਂ ਸਾਰਾ ਜਗੁ ਅੰਧੇਰੇ ਵਿਚ ਹੀ ਅੰਧ ਕਮਾਉਂਦਾ ਫਿਰਦਾ ਹੈ। ਅੰਧੇਰੇ ਵਿਚ ਤਿਨ੍ਹਾਂ ਨੂੰ ਰਾਹ ਹੀ ਨਹੀਂ ਦਿਸਦਾ, ਸੱਚਾ ਮਾਰਗ ਤਾਂ ਕੀ ਦਿਸਣਾ ਸੀ। ਸੱਚਾ, ਗੁਰੂ-ਘਰ ਦੁਆਰਾ ਜੇ ਉਨ੍ਹਾਂ ਨੂੰ ਕਰਮ ਕਰਿ ਪ੍ਰਾਪਤ ਹੋ ਜਾਵੇ ਤਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹਣ ਅਤੇ ਘਰ ਅੰਦਰ ਸੱਚ ਵਥ ਪਾਉਣ ਦੀ ਸੋਝੀ ਪਵੇ। ਯਥਾ ਗੁਰਵਾਕ-

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ, ਹਰਿ ਰਸ ਸਾਦੁ ਨ ਆਇਆ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ, ਬਿਨੁ ਬੂਝੇ ਦੁਖੁ ਪਾਇਆ॥.....ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ, ਬਿਨੁ ਗੁਰ ਮਗੁ ਨ ਪਾਏ॥ ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ, ਘਰੈ ਅੰਦਰਿ ਸਚੁ ਪਾਏ॥

(ਸੋਰਠਿ ਮ:੩, ਪੰਨਾ ੬੦੩)

ਦਾਤੇ ਨੇ ਦਾਤ ਆਪਣੇ ਹਥਿ ਰਖੀ ਹੈ। ਜਿਸ ਨੂੰ ਉਹ ਚਾਹੇ ਤਿਸ ਨੂੰ ਦੇਵੇ। ਨਾਮ-ਰਤਿਆਂ ਨੇ ਹੀ ਸਦਾ-ਸੁਖ ਪਾਇਆ ਹੈ। ਨਾਮ-ਰਤਿਆਂ ਤੇ ਹੀ ਦਾਤਾ ਤੁਠਦਾ ਹੈ। ਤਿਨ੍ਹਾਂ ਨੂੰ ਹੀ ਨਿਜ-ਦਰਗਾਹੀ ਦਾਤਾਂ ਦਿੰਦਾ ਹੈ। ਨਾਮ-ਰਤੇ ਹੀ ਸਚੜੀ ਦਰਗਾਹੇ ਜਾਪਦੇ ਸੰਵਾਪਦੇ ਹਨ-

ਦਾਤੈ ਦਾਤਿ ਰਖੀ ਹਥਿ ਅਪਣੈ, ਜਿਸੁ ਭਾਵੈ ਤਿਸੁ ਦੇਈ॥ ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ॥ (ਸੋਰਿਠ ਮ:੩, ਪੰਨਾ ੬੦੪

ਮਨਮੁਖ ਸਾਕਤ ਬਪੜੇ ਨਾਮ ਦੀ ਦਾਤ ਖੁਣੋਂ ਭੁੱਖੇ ਹੀ ਮਰਦੇ ਹਨ ਅਤੇ ਦੁਖੁ ਭੁਖ ਦੇ ਮਾਰੇ ਦਹਿਦਿਸ ਪਏ ਡੋਲਦੇ ਫਿਰਦੇ ਹਨ। ਨਾਮੋ ਸਖਣੇ ਹੋਣ ਕਰਿ ਏਹ ਦੁਖ ਉਨ੍ਹਾਂ ਨੂੰ ਭੁਗਤਣੇ ਪੈਂਦੇ ਹਨ। ਉਹ ਮੁੜ ਮੁੜ ਜੰਮਦੇ ਮਰਦੇ ਜੋਨੀਆਂ ਵਿਚ ਆਉਂਦੇ ਜਾਂਦੇ ਹਨ। ਤਿਨ੍ਹਾਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ


www.AKJ.Org

ਹਨ। ਸਤਿਗੁਰੂ ਤੋਂ ਘੋਲ ਘੁਮਾਈ ਗੁਰਸਿਖਾਂ, ਗੁਰੂ ਜਪਣ-ਹਾਰਿਆਂ ਨੂੰ ਆਗੈ ਪਾਛੈ, ਇਸ ਲੋਕ ਅਤੇ ਅਗਲੇ ਲੋਕ ਵਿਖੇ ਸੁਖ ਸਹਜ ਆਨੰਦ ਹੀ ਆਨੰਦ ਹੈ। ਯਥਾ ਗੁਰਵਾਕ-

ਅਪੁਨੇ ਸਤਿਗੁਰ ਕੈ ਬਲਿਹਾਰੈ॥ ਆਗੈ ਸੁਖੁ ਪਾਛੈ ਸੁਖ ਸਹਜਾ, ਘਰਿ ਆਨੰਦੁ ਹਮਾਰੈ॥ਰਹਾਉ॥

(ਸੋਰਠਿ ਮ:੫, ਪੰਨਾ ੬੦੯)

ਹਰਿ ਜਨ ਕੀ ਸੇਵਾ ਤੇ ਸਤਸੰਗ ਕਰਨ੍ਹਾਰਿਆਂ ਦੇ ਕੋਟ ਅਪਰਾਧ ਮਿਟਦੇ ਹਨ। ਹਰਿ ਕੀਰਤਨ-ਰਸਿ ਗਾਵਣ ਦੀ ਦਾਤ ਭੀ ਤਿਨ੍ਹਾਂ ਦੇ ਸਤਿਸੰਗ ਸੇਵਾ-ਪ੍ਰਤਾਪ ਕਰਿ ਹੀ ਮਿਲਦੀ ਹੈ। ਤਿਨ੍ਹਾਂ ਵਡਭਾਗਿਆਂ ਨੂੰ ਇਸ ਲੋਕ ਵਿਖੇ ਸੱਚਾ ਸੁਖ ਮਿਲਦਾ ਹੈ ਅਗੇ ਪਰਲੋਕ ਵਿਚ ਤਿਨ੍ਹਾਂ ਦਾ ਮੁਖ ਉਜਲਾ ਹੁੰਦਾ ਹੈ। ਯਥਾ ਗੁਰਵਾਕ-

ਕੋਟਿ ਪਰਾਧ ਮਿਟਹਿ ਜਨ ਸੇਵਾ, ਹਰਿ ਕੀਰਤਨੁ ਰਸਿ ਗਾਈਐ॥ ਈਹਾ ਸੁਖੁ ਆਗੈ ਮੁਖ ਊਜਲ, ਜਨ ਕਾ ਸੰਗੁ ਵਡਭਾਗੀ ਪਾਈਐ॥੨॥

(ਸੋਰਠਿ ਮ:੫, ਪੰਨਾ ੬੧੦)

ਤਿਨ੍ਹਾਂ ਦੇ ਹਿਰਦੈ ਅੰਦਰ ਗੁਰਮਤਿ ਨਾਮ-ਵਸ ਗਇਆ ਹੈ। ਸੇ ਨਿਰਭਉ ਭਏ ਹੈਂ। ਸੇ ਸਚਿਆਰ ਗੁਰਸਿਖ ਸਤਿਗੁਰੂ ਨੂੰ ਭਾਣੇ ਹਨ। ਤਿਨ੍ਹਾਂ ਨੂੰ ਈਹਾਂ ਇਸ ਲੋਕ ਵਿਖੇ ਜੀਊਂਦੇ ਜੀ ਸਚੇ ਸੁਖ ਦੀ ਪ੍ਰਾਪਤੀ ਹੋਈ ਹੈ। ਅਤੇ ਅਗਲੀ ਦਰਗਾਹ ਵਿਖੇ ਤਿਨ੍ਹਾਂ ਦਾ ਮੁਖ ਉਜਲਾ ਭਇਆ ਹੈ। ਤਿਨ੍ਹਾਂ ਦੇ ਸਭ ਆਵਣ ਜਾਣੇ ਮਿਟ ਗਏ ਹੈਂ। ਯਥਾ ਗੁਰਵਾਕ-

ਈਹਾ ਸੁਖੁ ਆਗੈ ਮੁਖ ਊਜਲ, ਮਿਟਿ ਗਏ ਆਵਣ ਜਾਣੇ॥ ਨਿਰਭਉ ਭਏ ਹਿਰਦੈ ਨਾਮੁ ਵਸਿਆ, ਅਪੁਨੇ ਸਤਿਗੁਰ ਕੈ ਮਨਿ ਭਾਣੇ॥

(ਸੋਰਠਿ ਮ:੫, ਪੰਨਾ ੬੧੪)

ਹਰਿ ਨਾਮ ਆਰਾਧਿਆਂ ਗੁਣ ਗਾਵਾਧਿਆਂ ਹੀ ਆਪਣੇ ਨਿਜ-ਘਰੀ ਅਸਥਾਨ ਵਿਖੇ ਵਸੀਦਾ ਹੈ। ਅਤੇ ਗੁਰ ਸਰਣਾਈ ਆਇਆਂ ਹੀ ਹਰਿਨਾਮ ਆਰਾਧ ਸਕੀਦਾ ਹੈ ਤੇ ਹਰਿ ਗੁਣ ਗਾਵਣ ਦਾ ਧੁਰਵਾ ਤਦ ਤੋਂ ਹੀ ਬੱਝਾ ਹੈ ਜਦੋਂ ਤੋਂ ਗੁਰਬਾਣੀ ਧੁਰੋਂ ਆਇ ਅਵਤਰੀ। ਗੁਰਬਾਣੀ ਅੰਦਰ ਹੀ ਹਰਿ ਗੁਣ ਗੁੰਫਤ ਹਨ। ਨਾਮ ਨਿਰਬਾਣ ਦਾ ਆਗ਼ਾਜ਼ ਹੀ ਗੁਰੂ ਨਾਨਕ ਨਿਰੰਕਾਰੀ ਤੋਂ ਹੀ ਹੋਇਆ ਹੈ ਤਾਂਤੇ *ਇਹ ਦੋਊ ਵਥੂਆਂ ਹਰਿ ਗੁਣ ਗਾਵਣਾ ਅਤੇ ਨਾਮ ਧਿਆਵਣਾ ਕੇਵਲ ਗੁਰੂ-ਘਰ ਤੋਂ ਹੀ ਹਾਸਲ ਹੋਣ ਯੋਗ ਹਨ।* ਹੋਣ ਯੋਗ ਕੀ, ਹਾਸਲ ਹੁੰਦੀਆਂ ਹੀ ਏਥੇ (ਗੁਰੂ ਘਰੋਂ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ) ਹਨ। ਗੁਰੂ ਕੀ ਸ਼ਰਨ ਆਉਣ ਤੋਂ ਤੇ ਗੁਰੂ ਕੀ ਸ਼ਰਨ ਪੈਣ ਤੋਂ ਭਾਵ ਗੁਰ-ਦੁਆਰਿਓਂ ਗੁਰ-ਦੀਖਿਆ ਲੈ ਕੇ (ਅੰਮ੍ਰਿਤ ਛਕ ਕੇ) ਗੁਰਸਿਖ ਬਣਨ ਤੋਂ ਹੈ। ਬਸ ਗੁਰੂ-ਸ਼ਰਨੀ ਪਇਆਂ ਹੀ ਕਲਿਆਣ ਹੈ ਅਤੇ ਜਮ-ਦੂਤਾਂ ਦੇ ਦੂਤੇੜੇ ਦਾ ਭੈ ਨਿਵਿਰਤੇੜਾ ਹੈ। ਤਿਸ ਬਿਨਾਂ ਕੇਵਲ ਇਸ ਬਿਧ ਹੀ ਸਚੀ ਦਰਗਹਿ ਮਾਨ ਪਾਉਣ ਦਾ ਸਚਾ ਮਰਤਬਾ ਮਿਲਦਾ ਹੈ, ਹੋਰ ਕਿਤੇ ਬਿਧ ਨਹੀਂ। ਹਰਿ ਦਰਗਾਹ ਦਾ ਮਰਤਬਾ ਜਿਨ੍ਹਾਂ ਪਾਇਆ ਹੈ, ਤਿਨ੍ਹਾਂ ਜੀਊਂਦੇ-ਜੀ ਪਾਇਆ ਤੇ ਦੇਖ ਲੀਤਾ ਹੈ। ਤਾਂ ਤੇ ਅਗਲੀ ਦਰਗਾਹ ਦੀ ਹੋਂਦ ਬਾਰੇ ਰੰਚਕ ਧੋਖਾ ਭੁਲੇਖਾ ਨਹੀਂ ਰਹਿੰਦਾ। ਯਥਾ ਗੁਰਵਾਕ-

ਗੁਰ ਕੀ ਸਰਣਿ ਪਏ ਭੈ ਨਾਸੇ, ਸਾਚੀ ਦਰਗਹ ਮਾਨੇ॥ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ॥੨॥ (ਸੋਰਠਿ ਮ:੫, ਪੰਨਾ ੬੧੫)

ਸਤਿਗੁਰੂ ਨਾਨਕ ਦਾ ਇਹ ਅਟੱਲ ਬਚਨ ਹੈ ਕਿ ਜਿਸ ਦੇ ਮਸਤਕ ਤੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਫਲ ਸੁਲੱਖਣਾ ਹਸਤ ਕੰਵਲ ਧਾਰਿਆ ਹੈ ਉਸ ਦਾ ਗੁਣ ਅਵਗੁਣ ਨਹੀਂ ਵੀਚਾਰਿਆ। ਉਸ ਦੇ ਹਲਤ ਪਲਤ ਦੋਂਵੇ ਹੀ ਸੰਵਰ ਗਏ। ਸਤਿਗੁਰੂ ਨੇ ਸੰਵਰ ਦਿਤੇ ਹਨ। ਹਲਤ ਇਹ ਲੋਕ ਅਤੇ ਪਲਤ ਅਗਲਾ ਲੋਕ, ਦੋਂਵੇ ਹੀ ਸੰਵਾਰ ਦਿਤੇ ਗਏ। ਯਥਾਂ ਗੁਰਵਾਕ-

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ, ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥ ਅਟਲ ਬਚਨੁ ਨਾਨਕ ਗੁਰ ਤੇਰਾ, ਸਫਲ ਕਰੁ ਮਸਤਕਿ ਧਾਰਿਆ॥

(ਸੋਰਠਿ ਮ:੫, ਪੰਨਾ ੬੨੧)

ਪ੍ਰਭ ਸਤਿਗੁਰ ਦੀਨ ਦਇਆਲ ਹੀ ਐਥੇ ਓਥੇ ਰਖਵਾਲਾ ਹੈ-

ਐਥੈ ਓਥੈ ਰਖਵਾਲਾ॥ ਪ੍ਰਭ ਸਤਿਗੁਰ ਦੀਨ ਦਇਆਲਾ॥

(ਸੋਰਠਿ ਮ:੫, ਪੰਨਾ ੬੨੮)



www.AKJ.Org

ਐਥੈ ਓਥੈ ਤੋਂ ਭਾਵ ਸਭ ਲੋਕ ਪਰਲੋਕ ਤੋਂ ਹੈ। ਪਰੰਤੂ ਪ੍ਰਭੂ ਸਤਿਗੁਰੂ ਉਸੇ ਉਤੇ ਦਇਆਲ ਹੁੰਦਾ ਹੈ ਜੋ ਦੀਨ ਹੋ ਕੇ ਉਸ ਦੀ ਸਰਣਿ ਆਇਆ ਹੈ ਅਤੇ ਸਰਣ ਆ ਕੇ ਸਿਮਰਨ-ਛਾਂਦਾ ਪਾਇਆ ਹੈ। ਸਿਮਰਨ-ਛਾਂਦਾ ਸਤਿਗੁਰੂ-ਦੁਆਰਿਓਂ ਪਾਇ ਕੇ ਜਿਸ ਨੇ ਇਕ ਨਿਮਖ ਭੀ ਆਹਲਾ ਅਵੇਸਲਾ ਨਹੀਂ ਜਾਣ ਦਿਤਾ, ਉਸ ਦਾ ਹਰਿ ਦਰਗਹ ਮੁਖ ਉਜਲਾ ਥੀਆ ਹੈ। ਉਸ ਦਾ ਸੁਖਾਂ ਵਿਚ ਵਾਸਾ ਹੋਇਆ ਹੈ। ਯਥਾ ਗੁਰਵਾਕ-

ਅਪਨੇ ਕਾਜ ਕਉ ਕਿਉ ਅਲਕਾਈਐ॥ ਜਿਤੁ ਸਿਮਰਨਿ ਦਰਗਹ ਮੁਖੁ ਊਜਲ, ਸਦਾ ਸਦਾ ਸੁਖੁ ਪਾਈਐ॥

(ਸੋਰਿਠ ਮ:੫, ਪੰਨਾ ੬੨੯)

ਜਿਸਹੜੇ ਗੁਰਮੁਖ ਆਪਣਾ ਕਾਰਜ ਸਾਰ ਸੰਵਾਰ ਕੇ ਇਸ ਸੰਸਾਰ ਵਿਚੋਂ ਚਲੇ ਹਨ, ਸੇਈ ਦਰਗਹਿ ਅੰਦਰ ਜਾਣੇ ਪਰਵਾਣੇ ਜਾਂਦੇ ਹਨ। ਮਨਮੁਖ ਮੈਲੀਆਂ ਡੂੰਮਣੀਆਂ ਨੂੰ ਦਰਗਹਿ ਅੰਦਰ ਥਾਉਂ ਨਹੀਂ ਮਿਲਦਾ। ਯਥਾ ਗੁਰਵਾਕ-

ਮਨਮੁਖਿ ਮੈਲੀ ਡੂੰਮਣੀ ਭਾਈ, ਦਰਗਹ ਨਾਹੀ ਥਾਉ॥

(ਸੋਰਿਠ ਮ:੩, ਪੰਨਾ ੬੩੯)

ਐਥੇ ਜਨਮ ਬਿਰਥਾ ਗਵਾ ਕੇ ਤੇ ਪਾਪ ਕਮਾ ਕੇ ਜੋ ਪਾਪੀ ਐਥੇ ਦਾਗ ਦੋਸੁ ਮੁਹਿ ਲਾ ਚਲਿਆ ਹੈ, ਉਸ ਨੂੰ ਦਰਗਹਿ ਅੰਦਰ ਬੈਠਣ ਨੂੰ ਜਗ੍ਹਾ ਨਹੀਂ ਮਿਲਦੀ। ਗੁਰਵਾਕ-

ਦਾਗ ਦੋਸ ਮੁਹਿ ਚਲਿਆ ਲਾਇ॥
ਦਰਗਹ ਬੈਸਣ ਨਾਹੀ ਜਾਇ॥੩॥

(ਧਨਾਸਰੀ ਮ:੧, ਪੰਨਾ ੬੬੨)

ਜਿਨ੍ਹਾਂ ਜਨਾਂ ਨੇ ਸਤਿਗੁਰੂ ਨੂੰ ਸੇਵਿਆ ਸਿਮਰਿਆ ਹੈ। ਸੇ ਭਵਜਲ ਤਰ ਗਏ ਹਨ। ਜਿਨ੍ਹਾਂ ਸਾਸਿ ਗਿਰਾਸਿ ਮੁਖੋਂ ਹਰਿ ਹਰਿ ਨਾਮ ਹੀ ਉਚਾਰਨ ਕੀਤਾ ਹੈ, ਤਿਨ੍ਹਾਂ ਨੂੰ ਜਮ ਛਡ ਗਿਆ ਹੈ, ਜੋਹਣੋਂ ਹਟ ਗਿਆ ਹੈ। ਜ੍ਹਿਨਾਂ ਸਾਰੀ ਆਯੂ ਵਾਹਿਗੁਰੂ ਜਾਪ ਜਪਣ ਵਿਚ ਬਤੀਤ ਕਰ ਕੇ ਤੋੜ ਨਿਬਾਹੀ ਹੈ, ਸੇ ਜਨ ਦਰਗਹਿ ਪੈਧੇ ਜਾਂਦੇ ਹਨ। ਯਥਾ ਗੁਰਵਾਕ-

ਜੋ ਸੇਵਹਿ ਸਤਿ ਮੁਰਾਰਿ, ਸੇ ਭਵਜਲ ਤਰਿ ਗਇਆ॥
ਜੋ ਬੋਲਹਿ ਹਰਿ ਹਰਿ ਨਾਉ, ਤਿਨ ਜਮੁ-ਛਡਿ ਗਇਆ॥
ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ।

(ਪਉੜੀ ਸੋਰਠਿ ਕੀ ਵਾਰ, ਪੰਨਾ ੬੪੫)

ਸੱਚੇ ਸੇਵਕ ਨੂੰ ਭਾਏ ਹੋਏ ਸੇਵਕ ਹੀ ਪਰਵਾਨ ਹਨ। ਸੇਈ ਸੇਵਕ ਹੀ ਦਰਗਹਿ ਅੰਦਰ ਮਾਣ ਪਾਉਂਦੇ ਹਨ, ਜਿਹੜਾ ਪੜ੍ਹਿਆ ਹੋਇਆ ਨਾਮ ਨੂੰ ਬੁਝਦਾ ਹੈ ਸੋਈ ਪੜ੍ਹਿਆ ਹੋਇਆ ਪਰਵ੍ਹਾਨ ਹੈ। ਤਿਸ ਦੇ ਸੀਸ ਤੇ ਦਰਗਹਿ ਪਰਵਾਨਗੀ ਦਾ ਨੀਸਾਣ ਲਿਖਿਆ ਜਾਂਦਾ ਹੈ। ਗੁਰਵਾਕ-

ਪੜਿਆ ਬੂਝੈ ਸੋ ਪਰਵਾਣੁ॥
ਜਿਸੁ ਸਿਰਿ ਦਰਗਹ ਕਾ ਨੀਸਾਣੁ॥

(ਧਨਾਸਰੀ ਮ:੧, ਪੰਨਾ ੬੬੨)

ਜਿਵੇਂ ਇਸ ਦੁਨੀਆਂ ਦਾ ਦਰਬਾਰ ਹੈ ਤਿਵੇਂ ਦੀਨ ਧਰਮ ਦਾ ਦਰਬਾਰ ਅਗਲੀ ਦੁਨੀਆ ਵਿਚ ਭੀ ਹੈ। ਜਿਹੜੇ ਨਿੰਦਕ ਨਰ ਅਗਲੀ ਦੁਨੀਆ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ, ਤਿਨ੍ਹਾਂ ਨਿੰਦਕਾਂ ਦਾ ਦੋਹੀਂ ਸਰਾਈਂ ਮੁਖ ਕਾਲਾ ਹੁੰਦਾ ਹੈ। ਯਥਾ ਗੁਰਵਾਕ-

ਨਿੰਦਕ ਕਾ ਮੁਖੁ ਕਾਲਾ ਹੋਆ,
ਦੀਨ ਦੁਨੀਆ ਕੈ ਦਰਬਾਰਿ॥

(ਧਨਾਸਰੀ ਮ:੫, ਪੰਨਾ ੬੭੪)

ਜਿਸ ਨੂੰ ਆਪ ਪਿਆਰਾ ਪ੍ਰੀਤਮ ਆਪਣੇ ਲੜਿ ਲਾਇ ਲੈਂਦਾ ਹੈ ਤਿਸ ਨੂੰ ਦਰਗਹਿ ਅੰਦਰ ਜਾਇ ਮਿਲਦੀ ਹੈ ਸੇਈ ਸਚੇ ਭਗਤ ਹਨ ਜੋ ਸਚੇ ਵਾਹਿਗੁਰੂ ਨੂੰ ਭਾਣੇ ਹਨ ਜਮ-ਕਾਲ ਤੇ ਜੋ ਨਿਕਾਣੇ ਭਏ ਹੈਂ।

ਜਿਸ ਨੋ ਆਪਿ ਲਏ ਲੜਿ ਲਾਇ॥ ਦਰਗਹ ਮਿਲੈ ਤਿਸੈ ਹੀ ਜਾਇ॥ ਸੇਈ ਭਗਤ ਜਿ ਸਾਚੇ ਭਾਣੇ॥ ਜਮ ਕਾਲ ਤੇ ਭਏ ਨਿਕਾਣੇ॥੩॥

(ਧਨਸਾਰੀ ਮ:੫, ਪੰਨਾ੬੭੭)

ਸਚੇ ਸਾਹਿਬ ਦਾ ਸਚਾ ਹੀ ਦਰਬਾਰ ਹੈ। ਫੋਕੀਆਂ ਵੀਚਾਰਾਂ ਦੁਆਰਾ ਤਿਸ ਸਾਹਿਬ ਸਚੇ ਦੀ, ਤਿਸ ਦੇ ਸਚੇ ਦਰਬਾਰ ਦੀ ਕੀਮਤ ਕਉਣ ਕਹਿ ਕਥ ਸਕਦਾ ਹੈ, ਪਰ ਦਰਬਾਰ ਸਚਾ ਹੈ ਸਹੀ। ਕੋਈ ਕਹਿ ਕਥ ਸਕੇ ਜਾਂ ਨਾ ਕਹਿ ਕਥ ਸਕੇ। ਮੁਨਕਰ ਹੋਣ ਦੀ ਜਾਇ ਨਹੀਂ। (ਪੁਸਤਕ 'ਅਣਡਿਠੀ ਦੁਨੀਆ' ਪੰਨਾ ੧੧੧ ਤੋਂ)

■ ■ ■ ■ ■



www.AKJ.Org

## ਵਾਹੁ ਵਾਹੁ ਬਾਣੀ ਨਿਰੰਕਾਰ ਹੈ

(ਪ੍ਰਿ:ਸੱਜਣ ਸਿੰਘ)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੂੰ, ਜਿਨ੍ਹਾਂ ਦਾ ਆਰੰਭਕ ਜੀਵਨ ਤੀਰਥ-ਯਾਤਰਾ ਤੇ ਭਜਨਾਂ ਦੇ ਉਚਾਰਨ ਵਿਚ ਬੀਤਿਆ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕਮਲ ਦੇ ਸਪਰਸ਼ ਦੁਆਰਾ ਬਾਣੀ ਦੀ ਮਹੱਤਤਾ ਦੀ ਜਿਹੜੀ ਸੋਝੀ ਪਈ, ਉਸ ਦਾ ਵਰਨਣ ਵਿਸ਼ੇਸ਼ ਤੌਰ ਤੇ ਰਾਮਕਲੀ ਅਨੰਦ ਵਿਚ ਹੋਇਆ ਹੈ। ਗੁਰਗੱਦੀ ਦੀ ਪਾਵਨ ਜਿੰਮੇਵਾਰੀ ਸੰਭਾਲਣ ਉਪਰੰਤ ਹਜ਼ੂਰ ਦੀ ਰਸਨਾ ਤੋਂ ਗੁਰਬਾਣੀ ਦੇ ਸਰਬਾਂਗੀ ਪੱਖਾਂ, ਨਾਮ ਸੁਗੰਧ, ਰਸ, ਖੇੜਾ, ਅਗੰਮੀ ਪ੍ਰਸੰਨਤਾ ਆਦਿ ਦੀ ਵਿਆਖਿਆ ਦਾ ਪਰਵਾਹ ਕੁਦਰਤੀ ਚਸ਼ਮੇ ਵਾਂਗਰ ਫੁੱਟਿਆ ਪ੍ਰਤੀਤ ਹੋਣ ਲੱਗਾ।

ਜਿਵੇਂ ਪੰਜਵੇਂ ਨਾਨਕ ਜੀ ਦੇ ਹਿਰਦੇ ਵਿੱਚ ਪੂਰਨ ਪਾਰਬ੍ਰਹਮ ਨੇ ਆਪਣਾ ਨਿਵਾਸ ਬਣਾਇਆ ਹੋਇਆ ਸੀ,"ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ।। ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।।੫।।(੧੪੦੯)" ਸਤਿਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਤੱਕ ਦੇ ਭੱਟਾਂ ਦੁਆਰਾ ਉਸਤਤਿ ਭਰੇ ਸ਼ਬਦਾਂ ਦਾ ਪ੍ਰਗਟਾਵਾ ਹੋਇਆ ਸੀ, ਉਸੇ ਤਰ੍ਹਾਂ ਹਜ਼ੂਰ ਦਾ ਹਿਰਦਾ, ਪੰਜ ਭੂਤਕੀ ਸਰੀਰ, ਦ੍ਰਿਸ਼ਟਿ, ਗੁਰ-ਵਿਅਕਤੀ ਦਾ ਤਾਂ ਸੀ ਹੀ, ਪਰ ਗੁਣਾਂ ਕਰਕੇ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਪਰਤੱਖ ਸਰੂਪ ਸੀ। "ਵਾਹੁ ਵਾਹੁ ਬਾਣੀ ਨਿਰੰਕਾਰ ਹੈ" ਕਿੰਨੀ ਅਸਚਰਜਤਾ, ਚਾਉ, ਵਡਿਆਈ, ਤੇ ਪ੍ਰੇਮ-ਭਾਵਨਾ ਦਾ ਇਜ਼ਹਾਰ ਹੈ। ਨਾਮ-ਰਸ ਭਿੰਨੇ ਹਿਰਦੇ ਵਿਚੋਂ ਕਿੰਨੇ ਅਸਚਰਜਤਾ ਤੇ ਖੇੜੇ ਭਰੇ ਸ਼ਬਦਾਂ ਦਾ ਪ੍ਰਕਾਸ਼ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ-

ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ।। ਵਾਹੁ ਵਾਹੁ ਅਗਮ ਅਥਾਹੁ ਹੈ, ਵਾਹੁ ਵਾਹੁ ਸਚਾ ਸੋਇ।। ਵਾਹੁ ਵਾਹੁ ਵੇਪਰਵਾਹੁ ਹੈ, ਵਾਹੁ ਵਾਹੁ ਕਰੇ ਸੁ ਹੋਇ।। ਵਾਹੁ ਵਾਹੁ ਅੰਮ੍ਰਿਤ ਨਾਮੁ ਹੈ, ਗੁਰਮੁਖਿ ਪਾਵੈ ਕੋਇ।। ਵਾਹੁ ਵਾਹੁ ਕਰਮੀ ਪਾਈਐ, ਆਪਿ ਦਇਆ ਕਰਿ ਦੇਇ।। ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ, ਅਨਦਿਨੁ ਨਾਮੁ ਲਏਇ।।੧।।੧੮।।

(ਸਲੋਕ ਮ:੩, ਗੂਜਰੀ ਕੀ ਵਾਰ-ਪੰਨਾ ੫੧੫-੧੬)

ਨਾਮ-ਬਾਣੀ-ਨਿਰੰਕਾਰ ਦਾ ਤਿਕੋਨਾ ਸੰਬੰਧ ਸਾਧਾਰਨ ਸੰਬੰਧ ਨਹੀਂ। ਇਨ੍ਹਾਂ ਦਾ ਸੁੰਦਰ ਸੁਮੇਲ ਜਗਤ ਨੂੰ ਅਨੋਖੀ ਦੇਣ ਹੈ। ਇਨ੍ਹਾਂ ਦੀ ਇਕ-ਮਿਕਤਾ, ਜਲ-ਭਾਪ, ਬਰਫ ਦੀ ਅਭੇਦਤਾ ਨਿਆਈਂ ਹੈ। ਇਸ ਰਹੱਸ ਦਾ ਹਿਰਦੇ ਵਿਚ ਦ੍ਰਿੜ੍ਹ ਹੋਣਾ, ਗੁਰਸਿਖ ਨੂੰ ਹੀ ਸ਼ੋਭਤਾ ਹੈ। ਹੁਣ ਤਕ ਅਨੇਕਾਂ ਰਿਖੀ, ਮੁਨੀ, ਪੈਗੰਬਰ ਇਸ ਲੋਕ ਵਿਚ ਆਏ, ਪਰ ਇਸ ਤੱਤ ਨੂੰ ਲੱਖਣ ਦੀ ਸੂਖਮ ਦ੍ਰਿਸ਼ਟੀ ਦੀ ਦਾਤਿ ਪ੍ਰਾਪਤ ਕਰਨ ਦੇ ਅਧਿਕਾਰੀ ਨਹੀਂ ਬਣ ਸਕੇ, ਤੇ ਬਾਣੀ ਅਤੇ ਨਿਰੰਕਾਰ ਦੇ ਅਟੁੱਟ ਸੰਬੰਧ ਦੇ ਮਰਮ ਤੋਂ ਕੋਰੇ ਰਹੇ। ਇਹ ਸੋਝੀ ਹੁੰਦੀ ਵੀ ਕਿਸ ਤਰ੍ਹਾਂ, ਜਦ ਕਿ ਰੱਬੀ ਕਲਾਮ ਜਾਂ ਰੂਹਾਨੀ ਆਵੇਸ਼ ਨੂੰ ਅਨੁਭਵ ਕਰਨ ਵਾਲਾ ਵੱਖਰਾ, ਅਤੇ ਲਿਖਤੀ ਜਾਮਾ ਪਹਿਨਾਉਣ ਵਾਲਾ ਵੱਖਰਾ ਵਿਅਕਤੀ ਰਿਹਾ ਹੈ। ਇਹ ਸੁਭਾਗ ਮਾਣ ਸੱਚੇ ਸਤਿਗੁਰ ਨਾਨਕ ਦੇਵ ਜੀ ਦੀ ਰੱਬੀ ਜੋਤਿ ਨੂੰ ਧੁਰ ਦਰਗਾਹੋਂ ਬਖਸ਼ਸ਼ ਦੇ ਰੂਪ ਵਿਚ ਮਿਲਿਆ, ਜਿਨ੍ਹਾਂ ਨੇ ਰੱਬੀ ਗਿਆਨ ਦੇ ਮੂਲ ਰੂਪ ਨੂੰ ਬਿਨਾਂ ਕੋਈ ਅੱਖਰ ਘਟਾਇਆਂ ਵਧਾਇਆਂ ਕਲਮ-ਬੰਦ ਕੀਤਾ। ਗੁਰਦੇਵ ਜੀ ਨੇ ਇਸ ਦੈਵੀ ਗਿਆਨ ਭਰੀ ਕਾਵਿਕ ਰਚਨਾ ਨੂੰ ਖਸਮ ਕੀ ਬਾਣੀ ਕਹਿ ਤੇ ਉਚਾਰਿਆ ਹੈ-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।।

(ਤਿਲੰਗ ਮ:੧-੭੨੨)

ਸਗਲ ਬ੍ਰਹਮੰਡ ਦਾ ਖਸਮ, ਮਾਲਕ ਜਾਂ ਸੁਆਮੀ ਸਵੈ-ਸਿਰਜਨਹਾਰ ਹੈ। ਉਸ ਇੱਕ ਬਿਨਾ ਹੋਰ ਕੋਈ ਸਰਬ ਸ਼ਕਤੀਮਾਨ ਤੇ ਸਰਬ ਵਿਆਪਕ ਨਹੀਂ। ਸੱਚੇ ਸਤਿਗੁਰੂ ਦਾ ਕੋਈ ਵਿਚੋਲਾ ਨਹੀਂ, ਉਨ੍ਹਾਂ ਦਾ ਰਿਸ਼ਤਾ ਸਿੱਧਾ ਨਿਰਗੁਣ ਪ੍ਰਭੂ ਨਾਲ ਹੈ, ਜਿਹੜਾ ਸਮੂਹ ਸ਼ਕਤੀਆਂ ਦਾ ਸੋਮਾ ਹੋਣ ਕਰਕੇ ਕੇਂਦਰਿਤ ਸ਼ਕਤੀਆਂ ਦਾ ਅਸਥਾਨ ਜਾਂ ਧੁਰਾ ਅਖਵਾਉਂਦਾ ਹੈ। ਇਸ ਅਟੱਲ ਤੇ ਸਥਿਰ ਹਸਤੀ ਤੋਂ ਜਿਹੜਾ ਗਿਆਨ, ਸਤਿਗੁਰੂ ਦੇ ਹਿਰਦੇ ਰਾਹੀਂ ਪ੍ਰਗਟ ਹੋਇਆ ਹੈ, ਉਸ ਨੂੰ ਧੁਰ ਕੀ ਬਾਣੀ ਜਾਂ ਅਕਾਲ ਪੁਰਖ ਤੋਂ ਆਈ ਬਾਣੀ ਦਾ ਦਰਜਾ ਮਿਲਿਆ-

ਧੁਰ ਕੀ ਬਾਣੀ ਆਈ।।
ਤਿਨਿ ਸਗਲੀ ਚਿੰਤਮਿਟਾਈ।।੨।।੭੭।।

(ਸੋਰਠਿ ਮਹਲਾ ੫-੬੨੮)


www.AKJ.Org

ਬਾਣੀ ਦੇ ਅਰਥ ਨੂੰ ਮੁੱਖ ਰੱਖਦਿਆਂ ਭਾਵੇਂ ਅਸੀਂ ਕੁਝ ਗਿਣਤੀ ਦੇ ਵਰਗਾਂ ਵਿਚ ਵੰਡ ਸਕੀਏ ਜਾਂ ਇਸ ਨੂੰ ਕਥਨ ਜਾਂ ਵਿਆਖਿਆ ਦੇ ਰੂਪ ਵਿਚ ਬਿਆਨ ਕਰੀਏ। ਪਰ ਗੁਰਬਾਣੀ ਜੱਗ ਵਿਚ ਵਾਹਦ ਹੈ। ਇਸ ਨਾਲ ਹੋਰ ਵਿਸ਼ੇਸ਼ਣ ਜੋੜਨ ਦੀ ਨਾ ਹੀ ਗੁੰਜਾਇਸ਼ ਹੈ ਨਾ ਗੁਰਮਤਿ ਵਿਚ ਪਰਵਾਨ ਹੈ। ਭਗਤਾਂ ਦੀ ਬਾਣੀ, ਭੱਟਾਂ ਦੇ ਸਵੱਈਏ ਤੇ ਸੱਤਾ ਬਲਵੰਡ ਦੀ ਮਹਾਨ ਰਚਨਾ ਨੂੰ ਗੁਰਬਾਣੀ ਦੀ ਤੁਲਨਾ, ਉਸ ਸਮੇਂ ਪ੍ਰਾਪਤ ਹੋਈ ਜਦ ਇਨ੍ਹਾਂ ਦਾ ਉਚਾਰਨ ਪੰਚਮ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਹੋਇਆ।

ਇਸ ਨਿਵੇਕਲੀ ਵਿਸ਼ੇਸ਼ਤਾ ਨੇ ਗੁਰਬਾਣੀ ਨੂੰ ਅਤਿ ਉਚੀ, ਸਤਿਕਾਰ ਭਰੀ, ਪਦਵੀ ਪੇਰਦਾਨ ਕੀਤੀ ਹੈ। ਅਮਲੀ ਤੌਰ ਤੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰਨ ਦਾ ਜਿਹੜਾ ਉਪਦੇਸ਼ ਗੁਰਸਿੱਖਾਂ ਨੂੰ ਦਿੱਤਾ ਹੈ ਉਹ ਗੁਰਸਿੱਖਾਂ ਨੇ ਇੰਨ ਬਿੰਨ ਕਮਾਇਆ ਹੈ। ਸਤਿਕਾਰ ਦੀ ਦ੍ਰਿਸ਼ਟੀ ਤੋਂ ਕੋਈ ਹੋਰ ਧਾਰਮਕ ਪੁਸਤਕ ਏਨਾ ਉਚੱਾ ਮਾਣ ਪ੍ਰਾਪਤ ਨਹੀਂ ਕਰ ਸਕੀ। 'ਤਿਸੁ ਜੇਵਡੁ ਅਵਰੁ ਨ ਕੋਇ' ਹਜ਼ੂਰ ਦਾ ਸਚਾਵਾ ਨਿਰਣਾ ਹੈ। ਜਿੱਥੇ ਅਕਾਲ ਪੁਰਖ ਦਾ ਆਪਣਾ ਨਿਵਾਸ ਹੋਵੇ, ਉਸ ਦੀ ਬਰਾਬਰੀ ਕੌਣ ਕਰ ਸਕਦਾ ਹੈ? ਹਜ਼ੂਰ ਦਾ ਫ਼ੁਰਮਾਨ ਹੈ:-

ਪੋਥੀ ਪਰਮੇਸਰ ਕਾ ਥਾਨੁ॥ ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥੧॥ਰਹਾਉ॥੧੧੩॥
(ਸਾਰੰਗ ਮ:੫-੧੨੨੬)

ਇਸ ਗੁਰਵਾਕ ਤੋਂ ਸ਼ਰਧਾਵਾਨ ਗੁਰਸਿੱਖ ਦੇ ਹਿਰਦੇ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੁੰਦਾ ਹੈ ਕਿ ਅਕਾਲ ਪੁਰਖ ਪਰਮੇਸ਼ਰ, ਗੁਪਤ ਰੂਪ ਵਿਚ, ਪਰਤੱਖ ਹਕੀਕਤ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਵੱਸਦਾ ਹੈ ਅਕਾਲ ਪੁਰਖ ਤੇ ਗੁਰਬਾਣੀ ਦੇ ਪਰਸਪਰ ਸੰਬੰਧ ਬਾਰੇ ਗੁਰਦੇਵ ਜੀ ਦਾ ਪਾਵਨ ਹੁਕਮ ਹੈ-

(੧) ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ॥੧੪॥ (੧੦੫੭)

(੨) ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ॥ ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ॥੧੭॥
(੫੧੫)

ਇਸ ਤੱਤ ਦੀ ਸੋਝੀ ਕਿਸੇ ਵਿਰਲੇ ਨੂੰ ਹੁੰਦੀ ਹੈ। ਜੇ ਹੁੰਦੀ ਹੈ ਤਾਂ ਹਿਰਦੇ ਵਿਚ ਦ੍ਰਿੜ੍ਹ ਨਹੀਂ ਹੁੰਦੀ। ਅਮਲੀ ਤੌਰ ਤੇ ਵਰਤੋਂ ਵਿਚ ਲਿਆਉਣਾ ਇਸ ਤੋਂ ਵੀ ਔਖਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਕਸ਼ਾਤ ਨਿਰੰਜਨ ਜੋਤਿ ਅਨੁਭਵ ਕਰਨਾ ਮਿਹਰ ਦੀ ਨਿਸ਼ਾਨੀ ਹੈ-

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਕਰਿ ਪ੍ਰਭੁ ਸਲਾਹੀਐ
ਤਿਸੁ ਜੇਵਡੁ ਅਵਰੁ ਨ ਕੋਇ॥੩॥੨॥
(ਮਲਾਰ ਮ:੩-੧੨੭੭)

'ਇਹ ਸਤਿ ਸੰਸਾਰਕ ਸੱਚ ਨਹੀਂ, ਇਹ ਉਹ ਸਤਿ ਹੈ ਜਿਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ-'ਜਪੁ॥ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥'

ਇਹ ਅਦ੍ਰਿਸ਼ਟ ਤੇ ਸੂਖਮ ਹਸਤੀ ਸਦੈਵ ਸੰਥਿਰ ਰਹਿਣ ਵਾਲੀ, ਅਟੱਲ ਪਦਵੀ ਵਾਲੀ, ਤ੍ਰੈਕਾਲ ਤੇ ਤਿੰਨਾਂ ਲੋਕਾਂ ਵਿਚ ਵਿਆਪਕ ਹੈ। ਇਸ ਦੀ ਗੰਮਤਾ, ਇਸ ਤੱਕ ਪਹੁੰਚ, ਕਿਸ ਮਾਧਿਅਮ ਦੁਆਰਾ ਹੁੰਦੀ ਹੈ? ਉਹ ਮਾਧਿਅਮ ਹੈ, 'ਸਤਿਗੁਰ ਦੀ ਬਾਣੀ'।

ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ॥ ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ, ਕਰਮਿ ਪਰਾਪਤਿ ਹੋਇ॥੧॥੧੪॥ (੫੧੪)

ਸਚੁ-ਨਿਰ-ਅਕਾਰ ਨਿਰੰਕਾਰ ਵਾਹਿਗੁਰੂ ਨਾਲ ਮਿਲਾਉਣ ਵਾਲੀ ਬਾਣੀ ਵੀ ਨਿਰੰਕਾਰ ਸਰੂਪ ਹੈ, ਕਿਉਂਕਿ ਇਸ ਨਿਰੰਕਾਰੀ ਬਾਣੀ ਵਿਚ 'ਨਾਮ' ਗੁੰਫਤ ਹੈ। ਪਰ ਜੋ ਜਨ 'ਆਤਮ ਕੈ ਚਾਇ' ਇਸ ਬਾਣੀ ਨੂੰ ਪਰਸਦੇ ਹਨ ਉਨ੍ਹਾਂ ਨੂੰ ਇਹ ਬਾਣੀ ਨਾਲ ਨਾਲ ਜੋੜਦੀ ਹੈ।

(ੳ) ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ॥

(ਅ) ਗੁਰਬਾਣੀ ਵਰਤੀ ਜਗ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥੩॥ (ਮਾਰੂ ਮ:੩-੧੦੬੬)

(ੲ) ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮੁ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥੪॥ (ਆਸਾ ਮ:੪, ਪੰਨਾ ੪੪੨)


www.AKJ.Org

(ਸ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ,
ਇਉ ਆਤਮਰਾਮੈ ਲੀਨਾ ਹੇ॥੧੪॥ (੧੦੨੮)
(ਹ) ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ
ਨਾਉ॥੧॥੧੨॥ (ਪੰਨਾ ੯੬੨)

• ਇਹ ਅੰਮ੍ਰਿਤ-ਮਈ-ਬਾਣੀ ਤਾਂ ਅੰਮ੍ਰਿਤ ਸਮਾਨ ਰਸ ਤੇ ਅੰਮ੍ਰਿਤ ਨਾਮ ਨਾਲ ਭਰਪੂਰ ਹੈ, ਬਸ ਲੋੜ ਇਸ ਗੱਲ ਦੀ ਹੈ ਕਿ ਸਤਿਗੁਰੂ ਦੀ ਬਾਣੀ ਨੂੰ ਹਿਰਦਿਉਂ ਸਤਿ ਸਤਿ ਕਰ ਕੇ ਪਠਨ ਪਾਠਨ ਕਰੀਏ, ਇਸ ਤਰ੍ਹਾਂ ਹੀ ਆਤਮ-ਰਸਮ ਵਾਹਿਗੁਰੂ ਵਿਚ ਲੀਨਤਾ ਹੋ ਸਕਦੀ ਹੈ।

ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ,
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥੧॥ ਰਹਾਉ॥
ਕਲੀ ਕਾਲ ਕੇ ਮਿਟੇ ਕਲੇਸਾ॥
ਏਕੋ ਨਾਮੁ ਮਨ ਮਹਿ ਪਰਵੇਸਾ॥੧॥੩੭॥ (੭੪੪)

ਇਸ ਮਹਾਂਪੁਰਖ ਕੀ ਬਾਣੀ ਸਤਿ ਸਰੂਪ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਤੇ ਸੱਚੇ ਉਪਦੇਸ਼ ਅਨੁਸਾਰ ਗੁਰ-ਮੰਤਰ ਲੈ ਕੇ ਸਚਖੰਡ ਤਕ ਪਹੁੰਚ ਸੰਭਵ ਤੇ ਸੌਖੀ ਹੈ। ਸਪੱਸ਼ਟ ਹੈ ਕਿ ਨਿਰੰਕਾਰ ਤੇ ਗੁਰਬਾਣੀ ਦਾ ਆਪਸੀ ਸੰਬੰਧ ਜੋੜਨ ਵਾਲਾ ਸਤਿਗੁਰੂ ਜੀ ਦਾ ਪਾਵਨ ਹਿਰਦਾ ਹੈ, ਜਿਹੜਾ ਗੈਬੀ ਹੁਕਮ ਨੂੰ ਅੱਖਰਾਂ ਦਾ ਪਹਿਰਾਵਾ ਪਹਿਨਾ ਕੇ ਗੁਰਬਾਣੀ ਦਾ ਰੁਤਬਾ ਪਰਦਾਨ ਕਰਦਾ ਹੈ।

ਬਾਣੀਆਂ ਸਿਰ ਬਾਣੀ, ਸੱਚੀ ਗੁਰਬਾਣੀ, ਕਰਤਾਰ ਦੇ ਰੰਗ ਵਿਚ ਰੰਗੀਜੀ, ਨਾਮ ਸੁਗੰਧੀ ਨਾਲ ਭਰਪੂਰ ਬਿਸਮਾਦੀ ਦਸ਼ਾ ਵਰਤਾਉਣ ਵਾਲੀ ਕਲਿਆਣਕਾਰੀ ਰਹਿਮਤਾਂ ਦੀ ਝੜੀ ਹੈ। ਇਸ ਦੇ ਇਕ ਇਕ ਅੱਖਰ ਤੋਂ ਪਿਰਮ-ਪਿਆਲੇ ਦੀ ਮਸਤੀ ਦਾ ਅਨੁਭਵ ਕਰਨਾ, ਗੁਰਸਿਖਾਂ ਦੀ ਚਾਹ ਹੈ। ਜਿੱਥੇ ਇਨਸਾਨੀ ਕ੍ਰਿਤ ਹੈ, ਉਥੇ ਊਣੰਤਾਈ, ਭੁੱਖ, ਭਟਕਣ ਦਾ ਪਰਛਾਵਾਂ ਅਵੱਸ਼ ਹੋਵੇਗਾ, ਜਿੱਥੇ ਰੱਬੀ ਕ੍ਰਿਤ ਹੈ, ਉਥੇ ਸੰਪੂਰਨਤਾ, ਤ੍ਰਿਪਤੀ, ਟਹਿਕ, ਮਹਿਕ, ਅਡੋਲਤਾ, ਮਿਲਾਪ ਤੇ ਇਕਮਿਕਤਾ ਦੇ ਭੰਡਾਰ ਲਬਾ ਲਬ ਭਰੇ ਵੇਖਣਹਾਰਿਆਂ ਨੇ ਵੇਖੇ ਹਨ।

ਸੱਚੀ ਬਾਣੀ ਦੀ ਮਹਿਮਾ ਤੱਕ ਕੇ। ਕੂੜਿਆਰਾਂ ਨੇ ਰੀਸ ਕਰਕੇ ਬਾਣੀ ਲਿਖ ਕੇ ਗੁਮਰਾਹ ਕਰਨ ਦਾ ਬਥੇਰਾ ਯਤਨ ਕੀਤਾ, ਪਰ ਗੁਰਸਿਖਾਂ ਦੀਆਂ ਪਾਰਖੂ ਅੱਖਾਂ ਤੇ ਸੂਝ ਬੂਝ ਨੇ ਉਸਨੂੰ ਕਬੂਲ ਨਾ ਕਰਕੇ ਠੁਕਰਾ ਦਿੱਤਾ। ਪ੍ਰਾਵਨ ਹੁਕਮ ਹੈ-

ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ
ਬਣੀਐ॥ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ॥ ਓਨ੍ਾ ਅੰਦਰਿ ਹੋਰੁ
ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥੯॥
(ਗਉੜੀ ਕੀ ਵਾਰ ਮ:੪-੩੦੪)

ਸਤਿ ਸਰੂਪ ਬਾਣੀ, ਜਿਹੜੀ ਗੁਰਬਾਣੀ ਹੋ ਕੇ ਵਿਚਰੀ, ਦੀ ਨਕਲ ਕਰਨ ਵਾਲਿਆਂ ਤੇ ਕੱਚ ਪਿਚ ਬੋਲਣ ਵਾਲਿਆਂ ਦਾ ਅੰਤ ਇਸ ਤਰ੍ਹਾਂ ਹੋਇਆ, ਜਿਵੇ ਸ਼ਮ੍ਹਾ ਤੇ ਜਲ ਕੇ ਪਤੰਗੇ ਝੜ ਝੜ ਪੈਂਦੇ ਹਨ।

ਹੁਣ ਵੀ ਆਪੂੰ ਬਣੇ ਪਖੰਡੀ ਗੁਰੂ, ਰੱਬੀ ਜੋਤਿ ਨਾਲ ਮਿਲਾਉਣ ਵਾਲੀ ਗੁਰਬਾਣੀ ਦੀ ਥਾਂ ਆਪਣੀ ਉਸਤਤਿ ਵਿਚ ਕੱਚੀ ਬਾਣੀ ਰਚਣ ਦਾ ਉਤਸ਼ਾਹ ਦੇਂਦੇ ਹਨ। ਅਜਿਹੇ ਕੂੜਿਆਵੇ ਪ੍ਰਸੰਸਾ ਭਰੇ ਗੀਤ ਕਦਾਚਿੱਤ ਵੀ ਨਿਰੰਕਾਰ ਦੇ ਪਾਸੇ ਵਲ ਕਦਮ ਪੁੱਟਣ ਨਹੀਂ ਦੇਣਗੇ। ਪਰ ਸੱਚੀ ਬਾਣੀ ਦੀ ਪ੍ਰਤਿਭਾ ਬੇਮਿਸਾਲ ਹੈ, ਜਿਹੜੀ ਨਿਜ ਘਰ ਵਾਸਾ ਕਰਾਉਣ ਦੇ ਸਮੱਰਥ ਹੈ। ਸਤਿਗੁਰ ਦਾ ਫੁਰਮਾਨ ਹੈ-

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥
(ਦਖਣੀ ਓਅੰਕਾਰੁ- ੯੩੫)

ਗੁਰਬਾਣੀ ਦੈਵੀ ਗਿਆਨ, ਦਿਬ ਜੋਤਿ, ਅੰਤਰਿ ਧਿਆਨ ਦਾ ਸੁੰਦਰ ਸਰੂਪ ਹੈ। ਇਹ ਐਸੀ ਔਸ਼ਧੀ ਹੈ ਜਿਹੜੀ ਭਰਮ,ਅਗਿਆਨਤਾ ਤੇ ਵਹਿਮ ਦੀ ਕੁੱਠੀ ਮਾਨਸਕ ਅਵਸਥਾ ਵਿਚ ਸਹਜ, ਟਿਕਾਉ ਤੇ ਅਡੋਲਤਾ ਦਾ ਜੀਵਨ ਭਰਦੀ ਹੈ। ਇਹ ਇਕ ਐਸੇ ਚਿਰਾਗ ਵਾਂਗ ਹੈ, ਜਿਹੜੀ ਸਗਲ ਬ੍ਰਹਮੰਡ ਵਿਚ ਪਸਰੇ ਹਨੇਰੇ, ਕਲੱਤਣ ਨੂੰ ਦੂਰ ਕਰਦੀ ਅਤੇ ਸੱਚ ਦੇ ਪਾਂਧੀ ਦੀ ਅਧਿਆਤਮਕ ਦ੍ਰਿਸ਼ਟੀ ਵਿਚ ਵਾਧਾ ਕਰਦੀ ਹੈ। ਇਹ ਜੋਤਿ ਅਕਾਲ ਪੁਰਖ ਦੀ ਨਿੱਜੀ ਰੌਸ਼ਨੀ ਹੈ, ਅਨਭਉ ਪ੍ਰਕਾਸ਼ ਹੈ। ਹਜ਼ੂਰ ਦਾ ਫੁਰਮਾਨ ਹੈ-


www.AKJ.Org

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥੧॥੨੨॥

(ਸਿਰੀਰਾਗੁ ਮ:੩-੬੭)

ਇਹ ਵਿਵੇਕ ਦੀ ਜੋਤਿ ਹੈ, ਅੰਨ੍ਹਿਆਂ ਲਈ ਡੰਗੋਰੀ ਹੈ ਤੇ ਹਿੰਮਤੀ ਬੰਦਿਆਂ ਲਈ ਚਾਨਣ-ਮੁਨਾਰਾ ਹੈ। ਮਨਮੁਖਾਂ ਨੂੰ ਭਾਵੇਂ ਇਸ ਦੀ ਕਦਰ ਨਹੀਂ, ਪਰ ਇਸ ਦੇ ਦਰਸ਼ਨ ਪਰਸਨ ਤੋਂ ਅੱਖਾਂ ਨੂੰ ਠੰਡਕ ਪਹੁੰਚਦੀ, ਮਨ ਦੀ ਮੈਲ ਉਤਰਦੀ ਤੇ ਦਿਲ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਗੁਰਮੁਖ ਜਨਾਂ ਨੂੰ ਪੂਰਨ ਵਿਸ਼ਵਾਸ ਹੈ ਅਤੇ ਕਈ ਨਾਮ-ਰਸੀਆਂ ਦਾ ਨਿੱਜੀ ਤਜਰਬਾ ਹੈ ਕਿ ਅਕਾਲੀ ਜੋਤਿ ਹੁਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ ਤੇ ਅਧਿਕਾਰੀ ਜਨਾਂ ਨੂੰ ਆਪਣਾ ਰੂਪ ਸਮੇਂ ਅਨੁਸਾਰ ਦਿਖਾਉਂਦੀ ਹੈ। ਫੁਰਮਾਨ ਹੈ-

ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹ ਨਰਹਰੀ॥੧॥੨॥

(ਰਾਮਕਲੀ ਮ:੧-੮੭੬)

ਭਾਵੇਂ ਅਕਾਲੀ ਜੋਤਿ ਹਰੇਕ ਥਾਂ ਪਸਰ ਰਹੀ ਹੈ, ਪਰ ਗੁਰੂ ਗ੍ਰੰਥ ਸਾਹਿਬ ਨਾਲ ਇਸ ਦਾ ਸੰਬੰਧ ਜੱਗ ਤੋਂ ਵੱਖਰਾ ਤੇ ਨਿਆਰਾ ਹੈ। ਇਸ ਦੀ ਮਹਿਮਾ ਦੀ ਸਾਨੂੰ ਸੋਝੀ ਨਹੀਂ। ਜਿਸ ਸੁਭਾਗ ਜੀਅੜੇ ਤੇ ਉਸ ਦੀ ਕਿਰਪਾ-ਦ੍ਰਿਸ਼ਟੀ ਹੋਵੇ। ਉਸਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਚੋਂ ਸਾਂਗੋਂ ਪਾਂਗ, ਜ਼ਾਹਰਾ ਜ਼ਹੂਰ ਪਰਤੱਖ ਨਜ਼ਾਰਾ ਤੱਕਣ ਲਈ ਗਿਆਨ-ਅੰਜਨ ਦੀ ਦਾਤਿ ਮਿਲਦੀ ਹੈ। ਐਸੇ ਗੁਰੂ ਦੁਲਾਰੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਅਕਾਲੀ ਜੋਤਿ ਨੂੰ 'ਵਾਹਿਗੁਰੂ' ਸ਼ਬਦ ਰੂਪ ਵਿਚ ਸ਼ਬਦ ਗੁਰੂ ਦੇ ਬਿਲਕੁਲ ਨਿਕਟ ਤੱਕਣ ਦਾ ਮਾਣ ਮਿਲਿਆ। ਇਕ ਦਿਨ ਉਨ੍ਹਾਂ ਨਾਲ ਅੰਮ੍ਰਿਤ ਵੇਲੇ ਗੁਰਦੁਆਰੇ ਵਿਖੇ ਅਚਰਜ ਕੌਤਕ ਭਰੀਆਂ ਘਟਨਾਵਾਂ ਵਾਪਰੀਆਂ, ਜਿਹੜੀਆਂ ਉਨ੍ਹਾਂ ਨੇ ਕਈ ਸਾਲਾਂ ਬਾਅਦ ਪ੍ਰਗਟ ਕੀਤੀਆਂ-

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੈਬੀ ਸ਼ਕਤੀ ਦੁਆਰਾ ਪ੍ਰਕਾਸ਼ ਹੋਣਾ।

(੨) ਅਦ੍ਰਿਸ਼ਟ ਪਾਠੀ ਦੁਆਰਾ ਦਿਲ-ਖਿੱਚਵੀਂ ਧੁਨੀ ਵਿਚ "ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥੨੧॥(੩੭੬) ਦਾ ਪਾਠ ਸੁਣਾਈ ਦੇਣਾ।

(੩) ਅਲੌਕਿਕ ਗੁਰਮੰਤਰ (ਵਾਹਿਗੁਰੂ) ਚਿਤ੍ਰਕਾਰੀ ਦਾ ਬੇਮਿਸਾਲ ਚਮਕ ਦਮਕ ਭਰਿਆ ਗੁਰਮੁਖੀ ਅੱਖਰਾਂ ਵਿਚ ਝਿਲਮਿਲਕਾਰ ਦਰਸ਼ਨ ਹੋਣਾ।

ਏਥੇ ਕੇਵਲ ਤੀਸਰੇ ਅੰਗ ਨੂੰ ਦ੍ਰਿਸ਼ਟਾਉਂਦੇ ਭਾਈ ਸਾਹਿਬ ਜੀ ਦੇ ਆਪਣੇ ਅੱਖਰ ਮੂਲ ਰੂਪ ਵਿਚ ਲਿਖੇ ਇਸ ਤਰ੍ਹਾਂ ਹਨ-

ਕੀ ਦੇਖਾਂ "ਮਹਾਰਾਜ ਜੀ ਉੱਤੇ ਚੰਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲਮਿਲਕਾਰ ਛਬੰਨੀ ਚੱਕ੍ਰਿਤ ਚਿਤਕਾਰੀ ਵਿਚ "ਵਾਹਿਗੁਰੂ" ਸ਼ਬਦ ਚਿਤਰਿਆਂ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆਂ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿੱਚ ਚਾਰ ਚੁਫੇਰੇ ਇਹ ਹੀ ਕੌਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ"।

ਕਰਮਸ਼ੀਲ ਗੁਰਸਿੱਖ, ਸਤਿਗੁਰੂ ਦੇ ਬਚਨਾਂ ਤੇ ਅਮਲ ਕਰਕੇ ਅਧਿਆਤਮਕ ਤਜਰਬਿਆਂ ਨੂੰ ਪਰਤੱਖ ਤੱਕਦਾ ਹੈ। ਭਾਈ ਸਾਹਿਬ ਜੀ ਦੇ ਜੀਵਨ ਦੀ ਇਹ ਘਟਨਾ ਦ੍ਰਿੜ੍ਹਾਉਂਦੀ ਹੈ। ਵਿਸ਼ਵਾਸ ਜੁੜਨ ਲਈ ਲਾਜ਼ਮੀ ਹੈ, ਉਦਮ ਕਰਨਾ ਗੁਰਸਿਖ ਦਾ ਫ਼ਰਜ ਹੈ। ਜਿਸ ਨੂੰ ਸਤਿਗੁਰ ਆਪ ਦਿਖਾਏ ਉਹੀ ਦੇਖਣ ਦੇ ਯੋਗ ਹੁੰਦਾ ਹੈ।

---

## ਅੰਮ੍ਰਿਤ ਦੀ ਲੋੜ ਕਿਉਂ ?

੧. ਨਿਗੁਰੇ ਤੋਂ ਗੁਰੂ ਵਾਲਾ ਬਣਨ ਲਈ।
੨. ਨਿਆਸਰੇ ਤੋਂ ਆਸਰੇ ਵਾਲਾ ਬਣਨ ਲਈ।
੩. ਮਨਮੁਖ ਤੋਂ ਗੁਰਮੁਖ ਬਣਨ ਲਈ।
੪ ਕੁਰਹਿਤੀਏ ਤੋਂ ਰਹਿਤਵਾਨ ਬਣਨ ਲਈ।
੫. ਪਿਛਲੀਆਂ ਭੁੱਲਾਂ ਬਖਸ਼ਵਾਉਣ ਲਈ।
੬. ਅੰਮ੍ਰਿਤ ਨਾਮ ਦ੍ਰਿੜ੍ਹ ਕਰਵਾਉਣ ਲਈ।
੭. ਨਾਮ ਸਿਮਰਨ ਦੀ ਸੱਚੀ ਕਾਰੇ ਜੁਟਣ ਲਈ।
੮. ਮਾਇਆ-ਜਾਲ ਵਿਚੋਂ ਬਾਹਰ ਨਿਕਲਣ, ਅਥਵਾ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ।
੯. ਸਚਿਆਰ ਸਿੱਖ ਅਥਵਾ ਖਾਲਸਾ ਬਣਨ ਲਈ।
੧੦. ਲੋਕ ਸੁਖੀਏ ਤੇ ਪਰਲੋਕ ਸੁਹੇਲੇ ਬਣਨ ਲਈ॥


www.AKJ.Org

# ਕਾਸਾ ਅੰਮ੍ਰਿਤ ਦਾ ਗੁਰੂ ਨਾਨਕ ਦੀ ਬਾਣੀ

(ਵਲੋਂ- ਸ: ਮਹਿੰਦਰ ਸਿੰਘ ਜੀ)

ਗੁਰੂ ਨਾਨਕ ਦੀ ਬਾਣੀ ਕਾਸਾ ਅੰਮ੍ਰਿਤ ਦਾ
ਗੁਰੂ ਨਾਨਕ ਦੀ ਬਾਣੀ ...............

ਜਦ, ਅੰਧ ਗੁਬਾਰ ਭਇਆ ਜੱਗ ਅੰਦਰ, ਰਾਹ ਨਜ਼ਰ ਨਾ ਆਏ।
ਆਜਿਜ਼ ਦੇ ਗਲ ਤੇ ਜਰਵਾਣਾ ਆਪਣੀ ਛੁਰੀ ਚਲਾਏ। - - -।
ਤਦ, ਆਦਿ ਨਿਰੰਜਨ ਸਤਿਗੁਰ ਨਾਨਕ ਮਾਤ ਲੋਕ ਵਿਚ ਆਏ,
ਸੱਚ ਦੀਆਂ ਸਭ ਨੂਰੀ ਰਿਸ਼ਮਾਂ ਆਪਣੇ ਨਾਲ ਲਿਆਏ।
ਵਲੀ ਜਹਿਆਂ ਦੇ ਪੱਥਰ ਜਿਸ ਦੀ ਛੁਹ ਨਾਲ ਹੋ ਗਏ ਪਾਣੀ।
ਕਾਸਾ ਅੰਮ੍ਰਿਤ ਦਾ............ ਗੁਰੂ ਨਾਨਕ ਦੀ ਬਾਣੀ।੧।- - - ।

ਜਿਸ ਅੰਮ੍ਰਿਤ ਨੂੰ ਸੁਰ ਨਰ ਖੋਜਣ, ਹੱਥ ਕਿਸੇ ਨਾ ਆਇਆ।
ਉਹ ਅੰਮ੍ਰਿਤ ਮੇਰੇ ਸਤਿਗੁਰੂ ਨਾਨਕ, ਗੁਰਸਿੱਖਾਂ ਮੂੰਹ ਪਾਇਆ।
ਇਸ ਅੰਮ੍ਰਿਤ ਦਾ ਇਕ ਘੁੱਟ ਭਰ ਕੇ, ਚੜ੍ਹ ਜਾਏ ਰੂਪ ਸਵਾਇਆ।
ਜਿਸ ਨੂੰ ਚੜ੍ਹਦੀ "ਨਾਮ ਖੁਮਾਰੀ", ਉਸ ਅਨਦਿਨ ਹਰਿ ਜਸ ਗਾਇਆ।
'ਝੜਿ ਝੜਿ ਪਵਦੇ ਕਚੇ ਬਿਰਹੀ,' ਜਿਨ੍ਹੀ ਸਾਰ ਨਾ ਜਾਣੀ।
ਕਾਸਾ ਅੰਮ੍ਰਿਤ ਦਾ ............ਗੁਰੂ ਨਾਨਕ ਦੀ ਬਾਣੀ।੨।- - - ।

ਗੁਰੂ ਗ੍ਰੰਥ ਜੀ "ਸ਼ਬਦ ਗੁਰੂ" ਹੈ, ਵਿਚ ਸਤਿਗੁਰ ਨੇ ਸਾਰੇ।
ਇਹ ਇਕ "ਸਰਵਰ" ਹੰਸਾਂ ਖ਼ਾਤਿਰ, ਭਰ ਭਰ ਮੋਤੀ ਵਾਰੇ।
ਇਸ ਵਿਚ ਗੁਰੂ "ਅਰਜਨ" ਦੇ ਛਾਲੇ ਚਮਕਣ ਵਾਂਗ ਸਿਤਾਰੇ।
ਇਸ ਦੀ ਟਾਹਣੀ ਨੂੰ ਫਲ ਲਗਾ, ਬਣ ਕੇ 'ਅਜੀਤ' 'ਜੁਝਾਰੇ'।
"ਸ਼ਬਦ ਗੁਰੂ" "ਧੁਨਿ ਚੇਲਾ" ਕਰਕੇ ਮਿਟ ਜਾਏ ਆਵਣ ਜਾਣੀ।
ਕਾਸਾ ਅੰਮ੍ਰਿਤ ਦਾ............ ਗੁਰੂ ਨਾਨਕ ਦੀ ਬਾਣੀ।੩।- - - ।

"ਸੁਖਮਨੀ" ਸੱਭ ਜੱਗ ਪਈ ਵੰਡੇ, ਠੰਡੀਆਂ ਸੁੱਖ ਦੀਆਂ ਮਣੀਆਂ।
"ਸ਼ਬਦ ਹਜ਼ਾਰੇ" ਖਿੱਚਾਂ ਪਾਵਣ, ਪਾ ਪ੍ਰੀਤਮ ਵੱਲ ਤਣੀਆਂ।
"ਜਪੁਜੀ ਸਾਹਿਬ" 'ਚ ਗੁੰਦੀਆਂ ਝਿਲਮਿਲ ਝਿਲਮਿਲ ਨੂਰੀ ਅਣੀਆਂ।
ਤਨ ਮਨ ਸੀਤਲ ਹੋਵੇ ਜਿਸ ਤੇ ਪੈਣ 'ਅਨੰਦ' ਦੀਆਂ ਕਣੀਆਂ।
ਇਸ ਅੰਮ੍ਰਿਤ ਦੇ ਦੇ ਦੋ ਘੁੱਟ ਭਰ ਕੇ ਮਿਟ ਜਾਏ ਭਰਮ ਭੁਲਾਣੀ।
ਕਾਸਾ ਅੰਮ੍ਰਿਤ ਦਾ............... ਗੁਰੂ ਨਾਨਕ ਦੀ ਬਾਣੀ।੪।- - -।

ਨਾਨਕ "ਨਾਮ" ਜਹਾਜ਼ ਚੜ੍ਹੇ ਜੋ, ਤਰ ਜਾਏ ਸਾਗਰ ਖਾਰਾ।
ਤਪੇ ਕੜਾਹੇ ਠਾਰਨ ਲਈ ਇਹਦਾ ਇਕ ਕਤਰਾ ਵੀ ਭਾਰਾ।
ਸੱਜਣ ਜਿਹੇ ਠੱਗਾਂ ਲਈ ਇਸਦਾ, ਕਾਫ਼ੀ ਇਕ ਇਸ਼ਾਰਾ।
ਪਰ ਕਲਗੀਧਰ ਨੇ ਸੰਗਤੇ । ਸਾਨੂੰ ਬਖਸ਼ਿਆ ਵੱਖਰ ਸਾਰਾ।
ਲਾਲ ਜਵੇਹਰ ਭਰੇ ਭੰਡਾਰਾ, ਸੌਂਪ ਗਿਆ ਵੱਡ-ਦਾਣੀ।
ਕਾਸਾ ਅੰਮ੍ਰਿਤ.............. ਗੁਰੂ ਨਾਨਕ ਦੀ ਬਾਣੀ।੫।- - -।



www.AKJ.Org

# ਕਲਗੀਧਰ ਜੀ ਨੇ ਬੱਕਰੇ ਝਟਕਾਏ ਜਾਂ ਸਿਖ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਸਾਜਨਾਂ ਸਮੇਂ, ਸਿਖ ਧਰਮ ਵਿੱਚ ਸ਼ਾਮਲ ਹੋਣ ਲਈ, ਇਹ ਇਕ ਸਖਤ ਸ਼ਰਤ ਰਖੀ ਕਿ

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।। ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ।। (੧੪੧੨)

ਗੁਰੂ ਨਾਨਕ ਦੇਵ ਜੀ ਨੇ ਨੌਂ ਜਾਮਿਆਂ ਵਿਚ ਇਸ ਸ਼ਰਤ ਨੂੰ ਮੰਜ਼ੂਰ ਕਰਨੇ ਵਾਲਿਆਂ ਨੂੰ ਹੀ ਸਿਖੀ ਧਰਮ ਵਿਚ ਕਬੂਲ ਕੀਤਾ। ਦਸਵੇਂ ਨਾਨਕ, ਕਲਗੀਧਰ ਜੀ ਨੇ ਸੰਨ ੧੬੭੫ ਵਿਚ ਗੁਰਿਆਈ ਪ੍ਰਾਪਤ ਕਰਨ ਤੋਂ ਲੈ ਕੇ ਸੰਨ ੧੬੯੯ ਵੈਸਾਖੀ ਤਕ, ਕੋਈ ੨੪ ਸਾਲ ਆਪ ਭੀ, ਇਸ ਸ਼ਰਤ ਨੂੰ ਲਾਗੂ ਰਖਿਆ। ਲਗਭਗ ਕੋਈ ਸਵਾ ਕੁ ਦੋ ਸੌ ਸਾਲ, ਇਸ ਸ਼ਰਤ ਤੇ ਅਮਲ ਹੁੰਦਾ ਰਿਹਾ। ਫੇਰ ਇਕ ਦਿਨ ਕਲਗੀਧਰ ਜੀ ਨੇ ਹੁਕਮ ਨਾਮੇ ਭੇਜ ਕੇ, ਸਭ ਸਿਖ ਸੰਗਤਾਂ ਨੂੰ, ਵੈਸਾਖੀ ਸੰਨ ੧੬੯੯ ਵਾਲੇ ਦਿਨ ਗੁਰਦੁਆਰਾ ਕੇਸ ਗੜ੍ਹ ਸਾਹਿਬ ਅਨੰਦਪੁਰ ਵਿਖੇ ਬੁਲਾਇਆ। ਮਕਸਦ ਇਹ ਸੀ ਕਿ "ਸਿਰੁ ਦੀਜੈ ਕਾਣਿ ਨ ਕੀਜੈ।।"ਦਾ ਜੋ ਸਬਕ ਇਤਨੇ ਲੰਮੇ ਸਮੇਂ ਤਕ ਪੜ੍ਹਾਇਆ ਗਿਆ ਸੀ, ਕਿਆ ਸਿਖ ਇਸ ਸਬਕ ਤੇ ਪੂਰੇ ਭੀ ਉਤਰਦੇ ਹਨ? ਉਸ ਦਿਨ ਕਲਗੀਧਰ ਜੀ ਨੇ ਸਿਖਾਂ ਦਾ ਜਿਸ ਤਰਾ ਇਮਤਿਹਾਨ ਲਿਆ। ਉਸ ਤੋਂ ਆਪ ਸਾਰੇ ਹੀ ਭਲੀ ਭਾਂਤ ਜਾਣੂ ਹੋ। ਇਸ ਲਈ ਇਸ ਦਾ ਹੋਰ ਜ਼ਿਕਰ ਕਰਨ ਦੀ ਕੋਈ ਖਾਸ ਲੋੜ ਨਹੀਂ ਹੈ।

ਹੁਣ ਵਿਚਾਰ ਅਧੀਨ ਖਾਸ ਨੁਕਤਾ ਇਹ ਹੈ ਕਿ ਕੁਝ ਸੱਜਨ ਇਹ ਆਖਦੇ ਹਨ ਕਿ ਜੇ ਕਿਸੀ ਨੂੰ ਕਤਲ ਕਰਕੇ ਦੋ ਟੁਕੜੇ (ਸੀਸ ਤੇ ਧੜ) ਕਰ ਦਿਤੇ ਜਾਣ ਤਾਂ ਇਨ੍ਹਾਂ ਦੋਨਾਂ ਟੁਕੜਿਆਂ ਨੂੰ ਜੋੜ ਕੇ ਇਨਸਾਨ ਨੂੰ ਫਿਰ ਤੋਂ ਜੀਉਂਦਾ ਨਹੀਂ ਕੀਤਾ ਜਾ ਸਕਦਾ। ਇਸ ਲਈ ਕਲਗੀਧਰ ਜੀ ਨੇ ਸਿਖ ਨਹੀਂ ਸਗੋਂ ਬਕਰੇ ਝਟਕਾਏ ਗਏ ਦੇ ਹਕੀਕੀ ਫਿਕਰੇ ਵਿਚ ਬਦਲੀ ਹੋ ਗਿਆ। ਕਿਆ ਕਲਗੀਧਰ ਜੀ ਨੇ ਸਿਖਾਂ ਦੇ ਸਿਰ ਕਲਮ ਕੀਤੇ ਜਾਂ ਬੱਕਰੇ ਝਟਕਾਏ? ਆਓ ਇਸ ਸਵਾਲ ਨੂੰ ਜ਼ਰਾ ਸੰਜੀਦਗੀ ਨਾਲ ਵਿਚਾਰਨ ਦੀ ਕੋਸ਼ਿਸ਼ ਕਰੀਏ। ਉਪਰ ਜਿਵੇਂ ਆਪ ਜੀ ਪੜ੍ਹ ਆਏ ਹੋ ਕਿ ਕਲਗੀਧਰ ਜੀ ਨੇ, ਗੁਰੂ ਨਾਨਕ ਦੇਵ ਜੀ ਦੇ ਪੜ੍ਹਾਏ ਗਏ ਸਬਕ, "ਸਿਰੁ ਦੀਜੈ ਕਾਣ ਨ ਕੀਜੈ" ਦਾ ਇਮਤਿਹਾਨ ਲੈਣ ਲਈ ਵੈਸਾਖੀ ੧੬੯੯ ਵਾਲੇ ਦਿਨ ਸਾਰੇ ਸਿਖਾਂ ਦਾ ਇਕੱਠ ਬੁਲਾਇਆ। ਜਦੋਂ "ਸਿਰੁ ਦੀਜੈ ਕਾਣ ਨ ਕੀਜੈ" ਦਾ ਇਮਤਿਹਾਨ ਵਾਲੇ ਦਿਨ ਹੋਣਾ ਸੀ ਤਾਂ ਇਮਤਿਹਾਨ ਦੇਣ ਵਾਲਿਆਂ ਨੇ ਹੀ ਇਮਤਿਹਾਨ ਵਿਚੋਂ ਪਾਸ ਹੋਣਾ ਸੀ। ਇਸ ਲਈ ਜਦੋਂ ਕਲਗੀਧਰ ਜੀ ਨੇ ਸਿਖਾਂ ਦੇ ਸਿਰਾਂ ਦੀ ਮੰਗ ਕੀਤੀ। ਸਿਖਾਂ ਨੇ ਸੀਸ ਭੇਂਟ ਕੀਤੇ ਤੇ ਕਲਗੀਧਰ ਜੀ ਨੇ ਸਿਖਾਂ ਦੇ ਸੀਸ ਹੀ ਝਟਕਾਏ। ਬੱਕਰੇ ਝਟਕਣ ਦੀ ਕਹਾਣੀ ਘੜਣ ਵਾਲੇ ਜੇ ਤਾਂ ਕੋਈ ਗੈਰ ਸਿਖ ਹਨ ਤਾਂ ਉਨ੍ਹਾਂ ਤੇ ਸਾਨੂੰ ਕੋਈ ਬਹੁਤਾ ਅਫਸੋਸ ਨਹੀਂ ਹੋ ਸਕਦਾ' ਕਿਉਂਕਿ ਉਹ ਲੋਕ ਤਾਂ ਗੁਰੂ ਨਾਨਕ ਦੇਵ ਜੀ ਜਾਂ ਉਨ੍ਹਾਂ ਦੇ ਦਸਾਂ ਹੀ ਸਰੂਪਾਂ ਨੂੰ, ਕੋਈ ਪੀਰ ਪੈਗ਼ਬੰਰ, ਵਲੀ ਐਲੀਆ, ਅਵਤਾਰ ਜਾਂ ਗੁਰੂ ਨਹੀਂ ਮੰਨਦੇ। ਉਨ੍ਹਾਂ ਦੀਆਂ ਨਜ਼ਰਾਂ ਵਿਚ ਤਾਂ ਗੁਰੂ ਨਾਨਕ ਦੇਵ ਜੀ ਦੇ ਦਸੇ ਹੀ ਸਰੂਪ, ਆਮ ਇਨਸਾਨ ਸਨ। ਆਮ ਇਨਸਾਨ, ਕਿਸੀ ਭੀ ਕਤਲ ਹੋਏ ਨੂੰ ਜਿਊਂਦਾ ਨਹੀਂ ਕਰ ਸਕਦਾ।

ਜੇ ਕੋਈ ਸਿਖ ਹੋ ਕੇ ਭੀ ਆਖੇ ਕਿ ਕਲਗੀਧਰ ਜੀ ਨੇ ਸਿਖ ਨਹੀਂ ਬਕਰੇ ਹੀ ਝਟਕਾਏ ਸਨ ਤਾਂ ਇਹ ਸੁਣ ਕੇ ਪੜ੍ਹ ਕੇ ਦਿਲ ਨੂੰ ਦੁਖ ਭੀ ਹੁੰਦਾ ਹੈ ਅਤੇ ਅਫਸੋਸ ਭੀ। ਇਹ ਹਕੀਕਤ ਤੋਂ ਸਾਰਾ ਸਿਖ ਜਗਤ ਜਾਣੂੰ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਧੁਰ ਕੀ, ਖਸਮ ਕੀ ਜਾਂ ਅਕਾਲ ਪੁਰਖ ਦੀ ਰਚੀ ਹੋਈ ਬਾਣੀ ਹੈ।"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।।"(੩੦੮) ਇਸੀ ਗੁਰਬਾਣੀ ਦਾ ਹੀ ਫਰਮਾਨ ਹੈ "ਸਤਿਗੁਰੁ ਮੇਰਾ ਮਾਰਿ ਜੀਵਾਲੈ"।। (੧੧੪੨)

ਜਦੋਂ ਸਤਿਗੁਰੂ ਮਾਰ ਭੀ ਸਕਦਾ ਹੈ ਅਤੇ ਜੀਵਾਲ ਭੀ ਸਕਦਾ ਹੈ ਤਾਂ ਸਿਖ ਹੁੰਦੇ ਹੋਏ ਅਸੀਂ ਕਿਵੇਂ ਸ਼ਕ ਕਰ ਸਕਦੇ ਹਾਂ ਕਿ ਕਲਗੀਧਰ ਜੀ ਨੇ ਸਿਖ ਨਹੀਂ, ਬਕਰੇ ਝਟਕਾਏ?



www.AKJ.Org

ਗੁਰੂ ਨਾਨਕ ਦੇਵ ਜੀ ਅਤੇ ਆਪ ਜੀ ਦੇ ਦਸੇ ਜਾਮਿਆਂ ਦੀ ਪੋਜ਼ੀਸ਼ਨ ਕਿਆ ਹੈ? ਜਾਂ ਆਪ ਜੀ ਕੌਣ ਸਨ? ਇਸ ਹਕੀਕਤ ਨੂੰ ਹੇਠ ਲਿਖੇ ਫਰਮਾਨ ਸਪਸ਼ਟ ਕਰਦੇ ਹਨ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।।
ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ।।
(੧੩੯੫)

ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ।।
(੩੯੭)

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ।।
(੪੯)

ਨਾਨਕ ਸੋਧੇ ਸਿਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।। (੧੧੪੨)

ਪਾਰਬ੍ਰਹਮ ਪੂਰਨ ਬ੍ਰਹਮ ਗੁਰ ਨਾਨਕ ਦੇਉ।।
(ਵਾਰ ਭਾਈ ਗੁਰਦਾਸ)(੧੩/੨੫)

ਇਨ੍ਹਾ ਫਰਮਾਨਾਂ ਤੋਂ ਸਪਸ਼ਟ ਜ਼ਾਹਰ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਦਸੇ ਹੀ ਜਾਮੇ, ਨਿਰੰਕਾਰ ਦਾ ਆਕਾਰੀ ਰੂਪ ਸਨ। ਜਦੋਂ ਨਿਰੰਕਾਰ, ਬੇਅੰਤ ਖੰਡਾਂ ਬ੍ਰਹਮੰਡਾਂ ਦੀ ਰਚਨਾ ਕਰ ਸਕਦਾ ਹੈ ਤਾਂ ਉਸੀ ਦੇ ਹੀ ਆਕਾਰੀ ਰੂਪ, ਦਸਵੇਂ ਨਾਨਕ, ਕਲਗੀਧਰ ਜੀ, ਕਿਆ ਪੰਜ ਬੰਦਿਆਂ ਨੂੰ ਮਾਰ ਕੇ ਜੀਵਾਲ ਨਹੀਂ ਸੀ ਸਕਦੇ?

ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ, ਬਾਬਾ ਅਟੱਲ ਜੀ, ਸਤਿਗੁਰੂ ਦੀ ਪਦਵੀ ਦੇ ਤਾਂ ਮਾਲਕ ਨਹੀਂ ਸਨ। ਸਿਰਫ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਹੀ ਹਨ। ਜਦੋਂ ਬਾਬਾ ਅਟੱਲ ਜੀ, ਅਠ ਸਾਲ ਦੀ ਬਾਲ ਅਵੱਸਥਾ ਵਿਚ, ਇਕ ਮ੍ਰਿਤੂ ਹੋ ਚੁਕੇ ਆਪਣੇ ਮਿੱਤਰ ਨੂੰ ਜੀਉਂਦਾ ਕਰ ਸਕਦੇ ਸਨ ਤਾਂ ਕਿਆ ਕਲਗੀਧਰ ਜੀ ੨੪ ਸਾਲ ਤਕ ਸਤਿਗੁਰੂ ਦੀ ਪਦਵੀ ਤੇ ਸਸ਼ੋਭਤ ਹੁੰਦੇ ਹੋਏ, ਪੰਜ ਸਿਖਾਂ ਨੂੰ ਜ਼ਿੰਦਾ ਨਹੀ ਸਨ ਕਰ ਸਕਦੇ?

ਉਪਰ ਬਿਆਨ ਕੀਤੇ ਗਏ ਕੁਝ ਤੱਥਾਂ ਦੀ ਰੌਸ਼ਨੀ ਵਿਚ ਭੀ ਜੇ ਅਸੀਂ ਗੁਰਬਾਣੀ ਅਤੇ ਕਲਗੀਧਰ ਜੀ ਤੇ ਵਿਸ਼ਵਾਸ ਨਹੀਂ ਰਖਦੇ ਤਾਂ ਸਾਨੂੰ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਜੇ ਕਿਸੇ ਸਿਖ ਨੂੰ ਆਪਣੇ ਗੁਰੂ ਤੇ ਵਿਸ਼ਵਾਸ ਹੀ ਨਹੀਂ ਤਾਂ ਕਿਆ ਉਸ ਸਿਖ ਅਤੇ ਗੁਰੂ ਦਾ ਹਾਲੇ ਭੀ ਆਪੋ ਵਿੱਚ ਸਿਖ ਅਤੇ ਗੁਰੂ ਦਾ ਰਿਸ਼ਤਾ ਕਾਇਮ ਹੈ? ਅਸੀਂ ਸਿਖ ਹੁੰਦੇ ਹੋਏ ਆਪਣੇ ਉਸ ਸਤਿਗੁਰੂ ਜੀ ਨੂੰ, ਜਿਸ ਨੇ ਆਪਣੇ ਮਾਤਾ ਪਿਤਾ, ਚਾਰੇ ਸਾਹਿਬ ਜ਼ਾਦੇ ਅਤੇ ਆਖੀਰ ਵਿਚ ਆਪਣਾ ਆਪ ਭੀ ਮੁਲਕ ਅਤੇ ਕੌਮ ਦੀ ਖਾਤਰ ਬਲੀਦਾਨ ਕਰ ਦਿਤਾ ਸੀ, ਜਿਸ ਦੀ ਪੂਰੀ ਦੁਨੀਆਂ ਦੀ ਹਿਸਟਰੀ ਵਿਚ ਕਿਤੇ ਭੀ, ਕੋਈ ਭੀ ਮਿਸਾਲ ਨਹੀਂ ਮਿਲਦੀ, ਐਸੇ ਸ਼ਹੀਦਾਂ ਦੇ ਸਿਰਤਾਜ ਕਲਗੀਧਰ ਜੀ ਨੂੰ, ਮੁਆਫ ਕਰਨਾ, ਅਸੀਂ ਸਤਿਗੁਰੂ ਦੀ ਪਦਵੀ ਤੋਂ ਉਤਾਰ ਕੇ ਇਕ ਡਰਾਮੇ ਬਾਜ਼ ਜਾਂ ਮਦਾਰੀ ਦੇ ਰੂਪ ਵਿਚ ਪੇਸ਼ ਕਰ ਰਹੇ ਹਾਂ। ਮਦਾਰੀ ਪਰਦੇ ਪਿਛੇ ਕੁਝ ਕਰਦਾ ਹੈ ਅਤੇ ਲੋਕਾਂ ਨੂੰ ਦਖਾਉਂਦਾ ਕੁਝ ਹੋਰ ਹੈ। ਇਸੀ ਤਰਾਂ ਹੀ ਕਲਗੀਧਰ ਜੀ ਨੇ (ਕੁਝ ਲੋਕਾਂ ਦੇ ਕਹਿਣ ਅਨੁਸਾਰ) ਝਟਕਾਏ ਬੱਕਰੇ, ਜ਼ਾਹਰ ਕੀਤਾ ਸਿਖ ਝਟਕਾਏ, ਇਹ ਡਰਾਮਾ ਰਚ ਕੇ, ਸੰਗਤ ਵਿਚ ਦੈਹਸ਼ਤ ਪੈਦਾ ਕਰਦੇ ਦਖਾ ਕੇ, ਅਸੀਂ ਸਾਹਿਬ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਛੁਟਿਆਉਣ ਦੀਆਂ ਸਾਰੀਆਂ ਹੱਦਾਂ ਟਪ ਜਾਂਦੇ ਹਾਂ।

ਪੂਰਨ ਮੁਕਤਿ ਹੋਣ ਉਪਰੰਤ ਤਾਂ ਜੀਵ, ਪਰਮੇਸਰ ਨਾਲ ਇਕ ਮਿਕ ਹੋ ਕੇ ਪਰਮੇਸ਼ਰ ਵਾਂਗੂੰ ਸਰਬ ਸਮਰਥ ਹੋ ਜਾਂਦਾ ਹੈ ਤਾਂ ਕਲਗੀਧਰ ਜੀ ਜੋ ਆਪ ਪਰਮੇਸਰ ਰੂਪ ਸਨ, ਉਨ੍ਹਾਂ ਲਈ ਕਿਸੀ ਮੁਰਦੇ ਨੂੰ ਜੀਉਂਦਾ ਕਰਨਾ ਕੇਹੜੀ ਮੁਸ਼ਕਿਲ ਗਲ ਸੀ? ਉਪਰ ਬਿਆਨ ਕੀਤੇ ਤੱਥਾਂ ਦੀ ਰੌਸ਼ਨੀ ਵਿਚ ਪੂਰੇ ਯਕੀਨ ਨਾਲ ਆਖਿਆ ਜਾ ਸਕਦਾ ਹੈ ਕਿ ਵੈਸਾਖੀ ੧੬੯੯ ਦੇ ਸਮੇਂ ਪੰਜ ਪਿਆਰਿਆਂ ਦੀ ਚੋਣ ਵੇਲੇ, ਕਲਗੀਧਰ ਜੀ ਨੇ ਚੁਣੇ ਗਏ ਸਿਖਾਂ ਦੇ ਹੀ ਸਿਰ ਝਟਕਾਏ ਸਨ। ਕਿਸੀ ਬਕਰੇ ਦੇ ਝਟਕਾਉਣ ਦਾ ਡਰਾਮਾ ਰਚਣ ਦੀ ਉਨ੍ਹਾਂ ਨੂੰ ਕੋਈ ਲੋੜ ਨਹੀਂ ਸੀ। ਦਾਸ ਪੂਰੇ ਸਿਖ ਜਗਤ ਦੀ ਸੇਵਾ ਵਿਚ ਬੇਨਤੀ ਕਰੇਗਾ ਕਿ ਅਗੋਂ ਲਈ ਕੋਈ ਭੀ ਵੀਰ, ਜਾਂ ਭੈਣ ਬਕਰੇ ਝਟਕਾਉਣ ਦੀ ਕਹਾਣੀਆਂ ਖੁਦ ਨਾ ਘੜਣ, ਨਾਂ ਹੀ ਕਿਸੀ ਦੀ ਘੜੀਆਂ ਕਹਾਣੀਆਂ ਪਰਚਾਰਨ ਵਿਚ ਉਨ੍ਹਾਂ ਦੇ ਸਹਾਈ ਹੋਣ। ਕਿਆ ਸਿਖ ਪਾਸੋਂ ਇਹ ਆਸ ਰਖ ਸਕਦਾ ਹੈ ਕਿ ਅਗੋਂ ਲਈ ਬੱਕਰੇ ਝਟਕਾਉਣ ਦੀ ਕਹਾਣੀਆਂ ਦਾ ਸਿਲਸਲਾ ਖਤਮ ਹੋ ਜਾਏਗਾ?


www.AKJ.Org

# ਬਾਬਾ ਹੋਰੁ ਖਾਣਾ ਖੁਸੀ ਖੁਆਰੁ

## ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ॥

(ਵਲੋਂ- ਸ: ਸੰਤੋਖ ਸਿੰਘ ਜੀ, ਚੰਡੀਗੜ੍ਹ)

੧. ਇਹ ਦੁਨੀਆ ਰੰਗ-ਬਰੰਗੀ ਹੈ। ਜਦ ਕਰਤੇ ਸ੍ਰਿਸ਼ਟੀ ਦੀ ਸਾਜਣਾ ਕੀਤੀ ਤਾਂ ਨਾਲ ਹੀ ਨੇਕੀ ਬਦੀ ਵੀ ਪੈਦਾ ਕਰ ਦਿੱਤੀਆਂ। ਇਨ੍ਹਾਂ ਦੀ ਆਪਸ ਵਿਚ ਸਦਾ ਜਦੋ-ਜਹਿਦ ਹੀ ਰਹੀ ਹੈ। ਕਦੀ ਇਕ ਜ਼ੋਰ ਪਕੜ ਜਾਂਦੀ ਹੈ ਅਤੇ ਕਦੀ ਦੂਸਰੀ ਦਾ ਪੱਲਾ ਭਾਰੀ ਹੋ ਜਾਂਦਾ ਹੈ, ਬੇਅੰਤ ਅਵਤਾਰ, ਪੀਰ, ਪੈਗ਼ੰਬਰ, ਰਸੂਲ, ਮਸੀਹ ਅਤੇ ਹੋਰ ਮਹਾਂ ਪੁਰਸ਼ ਆਏ ਤੇ ਆਪਣਾ ਆਪਣਾ ਸਮਾਂ ਪੂਰਾ ਕਰ ਕੇ ਕੂਚ ਕਰ ਗਏ। ਇਹ ਕਦੀ ਨਹੀਂ ਹੋਇਆ ਕਿ ਬਦੀ ਉਕਾ ਹੀ ਖ਼ਤਮ ਹੋ ਗਈ ਹੋਵੇ ਜਾਂ ਨਿਰੋਲ ਨੇਕੀ ਰਹਿ ਗਈ ਹੋਵੇ। ਅਜਿਹਾ ਹੋ ਵੀ ਨਹੀਂ ਸਕਦਾ।

੨. ਮਾਸ ਖਾਣਾ ਯੋਗ ਹੈ ਜਾਂ ਅਯੋਗ, ਇਹ ਸੁਆਲ ਹਮੇਸ਼ਾ ਭੇਦ ਦਾ ਕਾਰਨ ਬਣਿਆ ਰਿਹਾ ਹੈ ਕਈ ਖਾਂਦੇ ਹਨ, ਕਈ ਨਹੀਂ ਵੀ ਖਾਂਦੇ। ਜੈਨੀ ਅਤੇ ਬੋਧੀ ਹਿੰਸਾ ਦੇ ਬਹੁਤ ਖ਼ਿਲਾਫ਼ ਹਨ, ਪਰ ਇਸਲਾਮ ਇਸ ਵਿਚਾਰ ਦਾ ਨਹੀਂ। ਹਿੰਦੂਆਂ ਵਿਚ ਇਕ ਰਾਏ ਨਹੀਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੱਥੇ ਅਤੇ ਬਹੁਤ ਸਾਰੇ ਨਾਮ-ਅਭਿਆਸੀ ਪੁਰਸ਼ ਮਾਸ ਦੇ ਸਖ਼ਤ ਖਿਲਾਫ਼ ਹਨ।

੩.ਹਰ ਇਕ ਜੀਅ ਜੰਤ, ਭਾਵੇਂ ਉਸ ਦੀ ਉਤਪਤੀ ਅੰਡੇ ਤੋਂ ਹੈ ਜਾਂ ਜੇਰ ਤੋਂ ਜਾਂ (ਪਸੀਨੇ) ਸੇਤ ਤੋਂ ਹਰ ਕਿਸੇ ਵਿਚ ਜੀਅ ਹੈ। ਗੁਰਬਾਣੀ ਨੇ ਸਾਰੀ ਬਨਸਪਤੀ, ਅੰਨ ਦੇ ਦਾਣੇ ਤੇ ਜਲ ਵਿਚ ਵੀ ਜੀਅ ਦੱਸਿਆਂ ਹੈ॥ ਹਰ ਕਿਸੇ ਨੇ ਜੀਉਣ ਲਈ ਕੁਝ ਨਾ ਕੁਝ ਖਾਣਾ ਜ਼ਰੂਰ ਹੁੰਦਾ ਹੈ। ਉਦਰ-ਪੂਰਨਾ ਤੋਂ ਬਿਨਾਂ ਕੋਈ ਵੀ ਰਹਿ ਨਹੀਂ ਸਕਦਾ। ਸਵਾਲ ਉਠਦਾ ਹੈ ਕਿ ਜੀਵਨ ਦੀ ਕਾਇਮੀ ਵਾਸਤੇ ਮਨੁੱਖ ਲਈ ਕੀ ਖਾਣਾ ਯੋਗ ਹੈ ਕੀ ਅਯੋਗ।

੪.ਰੋਜ਼ੀ-ਦਹਿੰਦ ਕਈ ਢੰਗਾਂ ਨਾਲ ਆਪਣੇ ਬਣਾਏ ਜੀਅ-ਜੰਤ ਦੀ ਪ੍ਰਵਿਸ਼ ਕਰਦਾ ਹੈ। ਜਿਥੇ ਜਿਥੇ ਵੀ ਕੋਈ ਹੈ ਉਸ ਨੂੰ ਉਥੇ ਹੀ ਖਾਣਾ ਮਿਲ ਜਾਂਦਾ ਹੈ। ਹਰ ਕਿਸੇ ਲਈ ਘਾਹ-ਪੱਤੇ ਅਤੇ ਹੋਰ ਕਿਸੇ ਲਈ ਕੁਝ ਹੋਰ। ਜਿਸ ਲਈ ਮਾਸ ਹੈ ਉਹ ਘਾਹ ਪੱਤੇ ਨਹੀਂ ਖਾ ਸਕਦਾ ਅਤੇ ਜਿਸ ਦਾ ਆਹਾਰ ਘਾਹ-ਪੱਤੇ ਹੈ ਉਸ ਨੇ ਮਾਸ ਨਹੀਂ ਖਾਣਾ। ਕੁਦਰਤ ਦੇ ਇਸ ਨਿਯਮ ਦੀ ਪਾਲਣਾ ਲਈ ਹਰ ਜੀਆ ਜੰਤ ਦਾ ਸੁਭਾ, ਫ਼ਿਤਰਤ, ਸਰੀਰ ਦੇ ਅੰਗਾਂ ਦੀ ਬਨਾਵਟ ਆਦਿ ਵੱਖ ਵੱਖ ਬਣੇ ਹਨ।

੫.ਮਨੁੱਖ ਸਾਰੀਆਂ ਜੂਨਾਂ ਦਾ ਸਿਰਤਾਜ ਹੈ। ਮਨੁੱਖ ਅਤੇ ਬਾਕੀ ਜੀਆ-ਜੰਤ ਵਿਚ ਫ਼ਰਕ ਹੈ। ਸਾਰੇਆਂ ਜੂਨਾਂ ਕੇਵਲ ਆਪਣੇ ਸੁਭਾ ਅਨੁਸਾਰ ਹੀ ਕਰਮ ਕਰਦੀਆਂ ਹਨ। ਕਰਤੇ ਨੇ ਉਨ੍ਹਾਂ ਨੂੰ ਸੋਚ-ਵਿਚਾਰ ਦੀ ਸ਼ਕਤੀ ਨਹੀਂ ਦਿਤੀ। ਨਿਰਣਾ ਕਰ ਸਕਣ ਦੀ ਸਮੱਰਥਾ ਨਾ ਹੋਣ ਕਰਕੇ ਪੁੰਨ ਪਾਪ ਦੇ ਭਾਗੀ ਨਹੀਂ ਹੁੰਦੇ। ਮਨੁੱਖ ਪਾਸ ਅਕਲ ਹੈ, ਬੁੱਧੀ ਹੈ। ਭਾਵੇਂ ਮਨੁੱਖ ਵੀ ਬਹੁਤ ਕਰਕੇ ਪਏ-ਸੰਸਕਾਰਾਂ ਮੁਜਬ ਹੀ ਵਰਤਦਾ ਹੈ, ਪਰ ਕਿਸੇ ਹਦ ਤਕ ਉਸ ਪਾਸ ਅਕਲ ਵਰਤ ਕੇ ਚੰਗੇ ਮੰਦੇ ਦਾ ਨਿਰਣਾ ਕਰ ਸਕਣ ਦੀ ਗੁੰਜਾਇਸ਼ ਵੀ ਹੈ। ਨਿਰਣਾ ਕਰ ਸਕਣ ਦੀ ਸ਼ਕਤੀ ਹੀ ਉਸ ਨੂੰ ਦੂਜੀਆਂ ਜੂਨਾਂ ਤੋਂ ਨਿਖੇੜਦੀ ਅਤੇ ਵਡਿਆਈ ਦਾ ਹੱਕਦਾਰ ਬਣਾਂਦੀ ਹੈ ਜਿੰਨੀ ਬਿਬੇਕ ਬੁੱਧੀ ਦੀ ਵਰਤੋਂ ਤੇ ਉਸ ਦੇ ਆਧਾਰ ਤੇ ਕਰਮ, ਉਨੀ ਹੀ ਜ਼ਿਆਦਾ ਉੱਚਤਾ।

੬. ਗੁਰਮਤਿ ਅਨੁਸਾਰ ਮਨੁੱਖ ਦਾ ਜਨਮ-ਮਨੋਰਥ ਇਕੋ ਹੈ- ਅਤੇ ਉਹ ਹੈ ਪਰਮਾਤਮਾ ਨਾਲ ਮੇਲ ਜਿਸ ਨੇ ਦੁਨੀਆ ਤੇ ਆਉਣ ਦਾ ਮੰਤਵ ਠੀਕ ਸਮਝ ਲਿਆ ਉਹ ਕਰਮ ਇਹ ਨਿਸ਼ਾਨੇ ਨੂੰ ਮੁੱਖ ਰੱਖ ਕੇ ਕਰਦਾ ਹੈ। ਜੋ ਕਰਮ ਪਰਮਾਤਮਾ ਵਲ ਪ੍ਰੇਰਦੇ ਹੋਣ, ਉਨ੍ਹਾਂ ਨੂੰ ਪੁੰਨ ਅਤੇ ਜੋ ਵਿਥ ਪਾਂਦੇ ਹੋਣ ਉਨ੍ਹਾਂ ਨੂੰ ਪਾਪ ਜਾਣਦਾ ਹੈ, 'ਮਾਸ ਖਾਣਾ ਯੋਗ ਹੈ ਕਿ ਨਹੀਂ, ਦਾ ਨਿਰਣਾ ਵੀ ਕਿਸੇ ਕਸਵਟੀ ਤੇ ਹੋਣਾ ਹੈ। ਜੇ ਮਾਸ ਖਾਧਿਆਂ ਕਰਤੇ ਵਲ ਰਜੂ ਵੱਧਦਾ ਹੋਵੇ ਤਾਂ ਲਾਜ਼ਮੀ ਤੌਰ ਤੇ ਮਾਸ ਮੱਛੀ ਤੀ ਵਰਤੋਂ ਕਰਨੀ ਚਾਹੀਦੀ ਹੈ.ਪ੍ਰੰਤੂ ਜੇ ਮਾਸ ਮਨ ਨੂੰ ਕਠੋਰ ਕਰਦਾ ਹੋਵੇ ਤਾਂ ਇਸ ਦੇ ਤਿਆਗ ਵਿਚ ਹੀ ਸਿਆਣਪ ਹੈ।

੭.ਕਲਜੁਗ ਵਿਚ ਪਰਮਾਤਮਾ ਨੂੰ ਅਨੁਭਵ ਕਰ ਸਕਣ ਦਾ ਸਫਲ ਸਾਧਨ ਨਾਮ ਦੀ ਕਮਾਈ



www.AKJ.Org

ਹੈ। ਬੰਦਗੀ ਕਰਨ ਵਾਲੇ ਨਾਮ ਬਾਣੀ ਦੇ ਅਭਿਆਸੀ ਲਈ ਪਹਿਲੀ ਸਿਖਿਆ ਅਲਪ ਆਹਾਰ ਦੀ ਹੈ, ਜਿਸ ਦੇ ਖਾਧੇ ਤਨ ਪੀੜਨ ਨਾ ਹੋਵੇ ਅਤੇ ਨਾ ਹੀ ਵਿਕਾਰ ਵਧਣ। ਹਰੀ-ਸਿਮਰਨ ਲਈ ਮਨ ਤੇ ਕਾਬੂ ਲੋੜੀਂਦਾ ਹੈ। ਖਾਧੇ ਦਾ ਮਨ ਦੀ ਇਕਾਗਰਤਾ ਨਾਲ ਸਿੱਧਾ ਵਾਸਤਾ ਹੈ। ਮਨ ਤੇ ਕਾਬਜ਼ ਪਾ ਸਕਣ ਲਈ ਪਹਿਲੀ ਲਾਜ਼ਮੀ ਪੌੜੀ ਸਾਤਵਕ ਭੋਜਨ ਹੈ।

੮.ਦਇਆ ਧਰਮ ਦਾ ਮੂਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਨਿਰਦਈ ਦੇ ਹਿਰਦੇ ਵਿਚ ਆਤਮ-ਪ੍ਰਕਾਸ਼ ਨਹੀਂ ਹੋ ਸਕਦਾ। ਸਾਰਿਆਂ ਜੀਆ-ਜੰਤਾਂ ਪ੍ਰਤੀ ਦਇਆ-ਦ੍ਰਿਸ਼ਟੀ ਦਾ ਉਪਦੇਸ਼ ਹੈ।

੯.ਮਾਸ ਮੱਛੀ ਖਾਣ ਦੇ ਹੱਕ ਵਿਚ ਅਕਸਰ ਕਿਹਾ ਜਾਂਦਾ ਹੈ ਕਿ ਜੇ ਜਲ ਅਤੇ ਅੰਨ ਦਾਣੇ ਦਾਣੇ ਵਿਚ ਵੀ ਜੀਵ ਹੈ ਤਾਂ ਜਿਹਾ ਮਾਸ ਖਾਧਾ ਤਿਹਾ ਅੰਨ ਸਬਜ਼ੀ ਆਦਿ। ਇਹ ਕਹਿਣਾ ਦਰੁਸਤ ਹੈ, ਪਰ ਕੇਵਲ ਉਨ੍ਹਾਂ ਭਾਗਾਂ ਵਾਲਿਆਂ ਲਈ ਜਿਨ੍ਹਾਂ ਨੇ ਘਟ ਘਟ ਵਿਚ ਜੀਅ ਅਨੁਭਵ ਕਰ ਲਿਆ ਹੋਵੇ। ਇਸ ਅਵਸਥਾ ਸਿਰਫ਼ ਬ੍ਰਹਮ ਗਿਆਨੀ ਦੀ ਹੈ। ਅਸਾਂ ਸੰਸਾਰੀ ਜੀਵੜਿਆਂ ਨੂੰ ਤਾਂ ਖ਼ਾਲੀ ਗੱਲਾਂ ਨਾਲ ਕੋਠੇ ਉਸਾਰਨੇ ਆਉਂਦੇ ਹਨ। ਅੰਨ ਦੇ ਦਾਣੇ ਦਾਣੇ ਵਿਚ ਤਾ ਇਕ ਪਾਸੇ ਰਿਹਾ, ਅਸੀਂ ਤਾਂ ਖ਼ੁਦ ਆਪਣੇ ਅੰਦਰ ਵੀ ਜੀਵ-ਆਤਮਾ ਨੂੰ ਅਨੁਭਵ ਨਹੀਂ ਕਰਦੇ।

੧੦. ਗੁਰੂ ਸਾਹਿਬਾਨ ਦੀ ਉਚਾਰੀ ਬਾਣੀ ਵਿਚ ਬਹੁਤ ਥਾਵਾਂ ਤੇ ਜੀਅ ਦਇਆ ਨੂੰ ਮੁੱਖ ਰੱਖਣ ਦੀ ਸਿੱਖਿਆ ਮਿਲਦੀ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਮਾਸ ਮਛੀ ਖਾਣ ਤੋਂ ਉਕੱਾ ਵਿਵਰਜਤ ਅਤੇ ਅੰਨ ਖਾਣ ਦੀ ਸਿਖਿਆ ਦਿਤੀ ਹੈ। ਭਾਈ ਗੁਰਦਾਸ ਜੀ ਦੀ ਬਾਣੀ ਵਿਚ ਵੀ ਮਾਸ ਖਾਣ ਦੀ ਨਿਖੇਧੀ ਕੀਤੀ ਹੋਈ ਹੈ।

੧੧. ਪ੍ਰਚਲਤ ਸਾਖੀਆਂ ਅਤੇ ਕਥਿਤ ਇਤਿਹਾਸਕ ਗ੍ਰੰਥਾਂ ਦਾ ਆਸਰਾ ਲੈ ਕੇ ਮਾਸ ਖਾਣ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ ਪਰ ਸਾਰੀਆਂ ਮਨੁੱਖੀ ਦਲੀਲਾਂ ਜੋ ਗੁਰਬਾਣੀ ਦੇ ਪ੍ਰਤਿਕੂਲ ਹੋਣ, ਧੁਰੋਂ ਆਈ ਬਾਣੀ ਦੇ ਪ੍ਰਮਾਣਾ ਦੇ ਸਾਹਮਣੇ ਟਿਕ ਨਹੀਂ ਸਕਦੀਆਂ।

੧੨. ਸਾਡੇ ਵਿਚ ਗੁਰਬਾਣੀ ਦਾ ਵਿਚਾਰ ਕਰਨਾ ਬਹੁਤ ਘਟ ਰਿਹਾ ਹੈ। ਸਾਡੀ ਹਾਲਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਬਹੁਤੀ ਚੰਗੀ ਨਹੀਂ। ਮਹਾਰਾਜ ਜੀ ਦੇ ਵਕਤ ਦੇ ਪੰਡਿਤਾਂ, ਬ੍ਰਾਹਮਣਾਂ, ਪਾਂਡਿਆਂ, ਮੌਲਾਣਿਆਂ, ਸ਼ੇਖਾਂ, ਆਦਿ ਦੇ ਕਰਮ ਸਾਡੇ ਦਰਸ਼ਨੀ ਸੰਤਾਂ, ਰੁਜ਼ਗਾਰੀ ਪਾਠੀਆਂ, ਸਵਾਰਥੀ, ਪਰਚਾਰਕਾਂ ਅਤੇ ਗੁਰਦੁਆਰਿਆਂ 'ਤੇ ਵੋਟਾਂ ਨਾਲ ਹਾਵੀ ਹੋਏ ਮਹੰਤਾਂ ਨੇ ਪਕੜ ਲਏ ਹੋਏ ਹਨ। ਹੁਣ ਤਾਂ ਪ੍ਰਚਲਤ ਸਿੱਖੀ ਅਤੇ ਸ੍ਰੀ ਗੁਰੂ ਗ੍ਰੰਥ ਜੀ ਵਿਚ ਦਰਸਾਈ ਗਈ ਸਿੱਖੀ ਵਿਚ ਬਹੁਤ ਅੰਤਰ ਹੋ ਰਿਹਾ ਹੈ।

੧੩. ਗੁਰਬਾਣੀ ਅਥਾਹ ਸਮੁੰਦਰ ਹੈ ਅਤੇ ਸ੍ਰੀ ਗੁਰੂ ਗ੍ਰੰਥ ਜੀ ਮੁਕੰਮਲ ਧਰਮ-ਗ੍ਰੰਥ ਹੈ। ਇਸ ਵਿਚ ਕੋਈ ਥੁੜ ਨਹੀਂ। ਜੇ ਕੋਈ ਥੁੜ ਰਹਿ ਗਈ ਹੁੰਦੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦਰਜ ਕਰਨ ਲਗਿਆਂ, ਉਹ ਵੀ ਪੂਰੀ ਕਰ ਦੇਣੀ ਸੀ।

ਮਾਸ,ਮੱਛੀ ਦੀ ਵਰਤੋਂ ਜਾਂ ਝਟਕੇ ਕੁਠੇ ਸਬੰਧੀ ਸ਼ੰਕੇ, ਗੁਰਸਿਖੀ ਦਾ ਆਦਰਸ਼ ਅਤੇ ਉਸ ਦੀ ਪ੍ਰਾਪਤੀ ਦਾ ਉਪਦੇਸ਼ਿਆ ਸਾਧਨ ਸਾਹਮਣੇ ਰਖ ਕੇ, ਗੁਰਬਾਣੀ ਨੂੰ ਪੜ੍ਹਨ-ਵਿਚਾਰਨ ਦੀ ਖੇਚਲ ਕੀਤਿਆਂ, ਤੁਰੰਤ ਦੂਰ ਹੋ ਜਾਂਦੇ ਹਨ।

## ਅੰਮ੍ਰਿਤ ਦੀ ਗੁੜਤੀ

(ਗੁਰਭੇਜ ਸਿੰਘ ਬਾਦਸ਼ਾਹਪੁਰੀ)

ਜਦੋਂ ਰਣਜੀਤ ਨਿਗਾਰੇ 'ਤੇ ਚੋਟ ਲੱਗੀ,
ਪਹਾੜੀ ਰਾਜਿਆਂ ਨੂੰ ਥਰ ਥਰ ਕੰਬਾ ਦਿੱਤਾ।
ਅੰਮ੍ਰਿਤ ਦੀ ਉਸ ਨੇ ਦੇ ਗੁੜਤੀ,
ਚਿੜੀਆ ਕੋਲੋਂ ਵੀ ਬਾਜ ਤੁੜਾ ਦਿੱਤਾ।
ਮੁਰਦਾ ਹੋਈ ਹਿੰਦ ਕੌਮ ਤਾਈ,
ਜਗਾ ਕੇ ਅਣਖ ਸੀ ਸ਼ੇਰ ਬਣਾ ਦਿੱਤਾ।
ਪਿਤਾ ਤੋਰਿਆ ਚਾਦਨੀ ਚੌਂਕ ਵੱਲੇ,
ਮਾਂ ਨੂੰ ਠੰਡੇ ਬੁਰਜ ਪਹੁੰਚਾ ਦਿੱਤਾ।
ਕਿਤੇ ਹਾਥੀ ਨਾਲ ਲੜਨੇ ਨੂੰ ਤੋਰਿਆਂ ਸੀ,
ਭਾਈ ਸਾਹਿਬ ਨੇ ਹਾਥੀ ਦਾ ਮੂੰਹ ਭੰਵਾ ਦਿੱਤਾ।
ਦੋ ਲੜਾਏ ਗੜੀ ਚਮਕੌਰ ਵਿੱਚ ਸੀ,
ਦੋਹਾਂ ਨੂੰ ਨੀਹਾਂ ਵਿੱਚ ਚਿਣਵਾਂ ਦਿੱਤਾ।
ਹਰਿਮੰਦਰ ਸਾਹਿਬ ਦਾ ਬਦਲਾ ਲੈਣ ਖਾਤਰ,
ਦੀਪ ਸਿੰਘ ਜੀ ਸੀਸ ਤਲੀ ਟਕਾ ਦਿੱਤਾ।


www.AKJ.Org

## ਸਾਜਨਾ ਸੰਤ ਆਉ ਮੇਰੈ

ਸਾਜਨਾ ਸੰਤ ਆਉ ਮੇਰੈ॥੧॥ ਰਹਾਉ॥ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ॥੧॥ ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ॥੨॥ ਸੰਤ ਪ੍ਰਸਾਦਿ ਕਮਲੁ ਬਿਗਸੈ ਗੋਬਿੰਦ ਭਜਉ ਪੇਖਿ ਨੇਰੈ॥੩॥ ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ॥੪॥੫॥੧੬॥

(ਪੰਨਾ ੧੩੦੧)

ਇਸ ਸ਼ਬਦ ਦੀ ਵਿਆਖਿਆ ਰੇਡੀਉ ਉਪਰ ਸ਼ਾਮ ਦੇ 'ਗੁਰਬਾਣੀ ਵੀਚਾਰ' ਪ੍ਰੋਗਰਾਮ ਵਿਚ ਕਈ ਵਾਰ ਹੋ ਚੁਕੀ ਹੈ, ਪਰ ਇਕ ਅੱਧ ਵਾਰ ਤੋਂ ਬਿਨਾਂ ਸਦਾ ਹੀ ਇਸ ਸ਼ਬਦ ਦੀ ਵਿਆਖਿਆ ਕਰਦਿਆਂ ਸੰਤਾਂ ਸਾਧਾਂ ਦੇ ਅਰਥ ਹੀ ਅਰਥਾਏ ਜਾਂਦੇ ਹਨ। ਵਿਆਖਿਆਕਾਰ ਸੱਜਣ ਵੀ ਮਜਬੂਰ ਹਨ, ਕਿਉਂਕਿ ਸਾਡੇ ਟੀਕਿਆਂ ਨੇ ਉਨ੍ਹਾਂ ਨੂੰ ਸੇਧ ਹੀ ਇਹੋ ਦਿੱਤੀ ਹੈ।

ਇਸ ਸ਼ਬਦ ਦੇ ਅਰਥ ਕਰਦਿਆਂ ਗਿ: ਹਰਿਬੰਸ ਸਿੰਘ ਜੀ ਤਾਂ 'ਗੁਰੂ' ਕਰ ਗਏ ਹਨ। ਆਪ ਲਿਖਦੇ ਹਨ:

''(ਹੇ ਭਾਈ! ਜਦੋਂ) ਮੈਂ ਸੰਤ ਸੱਜਣ (ਗੁਰੂ) ਦੇ ਚਰਨ ਆਪਣੇ ਮੱਥੇ ਉਤੇ ਰੱਖਦਾ ਹਾਂ, ਮੇਰੇ (ਹਿਰਦੇ) ਘਰ ਵਿਚੋਂ (ਅਗਿਆਨਤਾ ਦਾ) ਹਨੇਰਾ ਦੂਰ ਹੋ ਜਾਂਦਾ ਹੈ ਅਤੇ (ਗਿਆਨ ਦਾ) ਚਾਨਣ ਹੋ ਜਾਂਦਾ ਹੈ।੨।

.....ਪ੍ਰਭੂ ਦੀ ਕਿਰਪਾ ਨਾਲ ਮੈਂ ਜਿਸ ਵੇਲੇ ਸੰਤ (ਗੁਰੂ) ਦੇ (ਦਰਸ਼ਨ) ਪਾਏ, ਉਸ ਵੇਲੇ ਤੋਂ ਕੁਰਬਾਨ ਜਾਂਦਾ ਹਾਂ।੪।੫।੧੬।'' (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ, (ਪੋਥੀ ੧੨, ਪੰਨਾ ੬੪੧)

ਪਰ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਇਨ੍ਹਾਂ ਤੁਕਾਂ ਦੇ ਅਰਥ ਕਰਦਿਆਂ ਲਿਖਦੇ ਹਨ:

''ਹੇ ਭਾਈ! ਜਦੋਂ ਮੈਂ ਸੰਤ ਜਨਾਂ ਦੇ ਚਰਨ (ਆਪਣੇ ਮੱਥੇ ਉਤੇ ਰੱਖਦਾ ਹਾਂ, ਮੇਰੇ ਹਨੇਰੇ (ਹਿਰਦੇ-) ਘਰ ਵਿਚ ਆਤਮਿਕ ਚਾਨਣ ਹੋ ਜਾਂਦਾ ਹੈ।੨।

......ਪਰਮਾਤਮਾ ਦੀ ਮਿਹਰ ਨਾਲ ਮੈਂ ਸੰਤ ਜਨਾਂ ਨੂੰ ਮਿਲਿਆ। ਮੈਂ ਉਸ ਵੇਲੇ ਤੋਂ ਸਦਾ ਕੁਰਬਾਨ ਜਾਂਦਾ ਹਾਂ (ਜਦੋਂ ਸੰਤਾਂ ਦੀ ਸੰਗਤ ਪ੍ਰਾਪਤ ਹੋਈ) ੪।੫।੧੬।'' (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ੯, ਪੰਨਾ ੩੯੧)

ਕੀ ਕਿਸੇ ਦੇਹ-ਧਾਰੀ ਸੰਤ-ਮਹੰਤ ਦੇ ਚਰਨ ਮੱਥੇ ਉਤੇ ਰੱਖਣ ਨਾਲ ਹਨੇਰੇ ਹਿਰਦੇ-ਘਰ ਵਿਚ ਚਾਨਣ ਹੋ ਜਾਂਦਾ ਹੈ? ਕੀ ਕਿਸੇ ਸੰਤ ਜੀ ਦੀ ਕਿਰਪਾ ਨਾਲ ਹਿਰਦਾ-ਕਮਲ ਵਿਗਾਸ ਵਿਚ ਆ ਜਾਂਦਾ ਹੈ ਅਤੇ ਹਰ ਪਾਸੇ ਗੋਬਿੰਦ-ਪ੍ਰਭੂ ਜੀ ਦੇ ਦੀਦਾਰ ਹੋਣ ਲੱਗ ਪੈਂਦੇ ਹਨ? ਨਿਸਚੇ ਹੀ ਇਹ ਸਾਰੇ ਗੁਣ ਜੋਤਿ-ਸਰੂਪ ਸਤਿਗੁਰੂ ਜੀ ਵਿਚ ਪਾਏ ਜਾ ਸਕਦੇ ਹਨ; ਕਿਸੇ ਦੇਹ-ਧਾਰੀ ਵਿਚ ਨਹੀਂ।

ਇਨ੍ਹਾਂ ਤੱਥਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰਦੇ ਹਾਂ। ਗੁਰਬਾਣੀ ਦੇ ਫ਼ੁਰਮਾਨ ਹਨ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥੧॥੫੨॥ (ਪੰਨਾ ੧੪੮)

ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥ ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥੧॥੪॥ (ਪੰਨਾ ੬੭੧)

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥ ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥ ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥ ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥ਕਹੈ ਨਾਨਕੁ ਏਹੁ ਅਨੰਦੁ ਹੈ ਅਨੰਦੁ ਗੁਰ ਤੇ ਜਾਣਿਆ॥੭॥

ਜਿਸ ਸੱਜਣ-ਸੰਤ ਜੀ ਦੇ ਸਾਡੇ ਹਿਰਦੇ-ਘਰ ਆ ਵੱਸਣ ਨਾਲ ਅਨੰਦ-ਮੰਗਲ ਹੋ ਜਾਂਦਾ ਹੈ, ਉਹ ਸੱਚਾ ਅਨੰਦ ਜੋਤੀ ਸਰੂਪ ਸਤਿਗੁਰੂ ਦੇ ਭੇਟਿਆਂ ਅਤੇ ਉਸ ਦੀ ਕਿਰਪਾ ਪ੍ਰਾਪਤ ਕੀਤਿਆਂ ਹੀ, ਨਾਮ-ਸਿਮਰਨ ਤੇ ਉਸ ਦੇ ਦੱਸੇ ਗੁਣ ਗਾਉਣ ਦਾ ਉਪਦੇਸ਼ ਧਾਰਨ ਕੀਤਿਆਂ ਹੀ ਪ੍ਰਾਪਤ ਹੁੰਦਾ ਹੈ। ਅਤੇ ਸਤਿਗੁਰੂ ਜੀ ਦੀ ਬਖ਼ਸ਼ਸ਼ ਦੇ ਪ੍ਰਾਪਤ ਹੋਇਆਂ ਹੀ ਸਾਰੇ ਕਸਮਲ, ਕਿਲਵਿਖ, ਪਾਪ ਨਾਸ ਹੁੰਦੇ ਹਨ। ਫ਼ੁਰਮਾਨ ਹੈ:

ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ॥ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ॥੧॥੭੦॥(ਪੰਨਾ ੧੨੧੮)



www.AKJ.Org

ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ,
ਤਿਨ ਕੇ ਸਭਿ ਪਾਪ ਗਵਾਹੀ॥੨॥੧੮॥
(ਪੰਨਾ ੩੧੦)

ਗੁਰੂ ਦੇ ਚਰਨ ਹਿਰਦੇ ਵਿਚ ਟਿਕਾਉਣ ਅਤੇ ਗੁਰ-ਚਰਨਾਂ ਦੀ ਧੂੜ ਵਿਚ ਮਜਨ-ਇਸ਼ਨਾਨ ਕਰਨ ਦਾ ਭਾਵ "ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥" (ਪੰਨਾ ੬੮੦) ਅਨੁਸਾਰ ਨਾਮ-ਸਿਮਰਨ ਹੀ ਹੈ। ਸੋ, ਗੁਰੂ ਦੇ ਦ੍ਰਿੜ੍ਹਾਏ ਨਾਮ-ਸਿਮਰਨ ਨੂੰ ਦਿਨ ਰਾਤੀ ਨਿਰੰਕਾਰੀ ਸਿਮਰੀ ਜਾਣ ਨਾਲ ਹੀ ਕਿਲਵਿਖ ਪਾਪ ਕੱਟੇ ਜਾਣੇ ਹਨ। ਸਤਿਗੁਰੂ ਦੇ ਉਪਦੇਸ਼ ਨੂੰ ਸ਼ਰਧਾ ਅਤੇ ਪ੍ਰੇਮਾ-ਭਗਤੀ ਨਾਲ ਕੀਤਿਆਂ ਹੀ ਸਾਰੇ ਪਾਪ ਕੱਟੇ ਜਾਣੇ ਸੰਭਵ ਹਨ, ਐਵੇਂ ਨਹੀਂ। ਫਿਰ ਜੋਤੀ-ਸਰੂਪ ਸਤਿਗੁਰੂ ਦੇ ਚਰਨ ਮੱਥੇ 'ਤੇ ਧਰਨ ਨਾਲ, ਸਤਿਗੁਰੂ ਦਾ ਬਖ਼ਸ਼ਿਆ ਨਾਮ-ਸਿਮਰਨ ਨਿਰੰਤਰ ਕਰਨ ਨਾਲ ਅਗਿਆਨਤਾ ਦੇ ਛੌੜ ਕੱਟੇ ਜਾਣੇ ਹਨ ਅਤੇ ਹਿਰਦਾ-ਕਮਲ ਵਿਗਸ ਕੇ ਅੰਤਰ-ਆਤਮੇ (ਗੁਰ-ਸ਼ਬਦ) ਦਾ ਪ੍ਰਕਾਸ਼ ਹੋਣਾ ਹੈ। ਗੁਰ-ਫ਼ੁਰਮਾਨ ਇਸ ਤੱਥ ਨੂੰ ਸਪੱਸ਼ਟ ਕਰਦੇ ਹਨ:

ਗੁਰ ਪ੍ਰਸਾਦਿ ਊਰਧ ਕਮਲ ਬਿਗਾਸੰ
ਅੰਧਕਾਰ ਮਹਿ ਭਇਆ ਪ੍ਰਗਾਸ॥੩॥੭॥(ਪੰਨਾ ੮੬੪)

ਹਰਿ ਉਤਮੁ ਹਰਿ ਪ੍ਰਭੁ ਗਾਵਿਆ,
ਕਰਿ ਨਾਦੁ ਬਿਲਾਵਲੁ ਰਾਗੁ॥
ਉਪਦੇਸੁ ਗੁਰੂ ਸੁਣਿ ਮੰਨਿਆ,
ਧੁਰਿ ਮਸਤਕਿ ਪੂਰਾ ਭਾਗੁ॥
ਸਭ ਦਿਨਸੁ ਰੈਣਿ ਗੁਣ ਉਚਰੈ,
ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਸਭੁ ਤਨੁ ਮਨੁ ਹਰਿਆ ਹੋਇਆ॥
ਮਨੁ ਖਿੜਿਆ ਹਰਿਆ ਬਾਗੁ॥
ਅਗਿਆਨੁ ਅੰਧੇਰਾ ਮਿਟਿ ਗਇਆ,
ਗੁਰ ਚਾਨਣੁ ਗਿਆਨੁ ਚਰਾਗੁ॥
ਜਨੁ ਨਾਨਕੁ ਜੀਵੈ ਦੇਖਿ ਹਰਿ,
ਇਕ ਨਿਮਖ ਘੜੀ ਮੁਖਿ ਲਾਗੁ॥੧॥੧॥
(ਪੰਨਾ ੮੪੯)

ਸਤਿਗੁਰੂ ਦਾ ਉਪਦੇਸ਼ ਸੁਣਨ ਤੇ ਮੰਨਣ ਨਾਲ ਅਤੇ ਦਿਨ ਰਾਤ, ਭਾਵ, ਨਿਰੰਤਰ ਪ੍ਰਭੂ-ਪ੍ਰੀਤਮ ਦਾ ਜਸ ਗਾਉਣ ਨਾਲ ਹਿਰਦੇ ਵਿਚ ਹਰਿ ਹਰਿ ਨਾਮ-ਜਾਪ ਦੀ ਲਿਵ ਲਗਦੀ ਹੈ:

ਸੰਤ ਧੂਰਿ ਪਾਈਐ ਵਡਭਾਗੀ॥
ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ॥੪॥੭੦॥੧੩੯॥
(ਪੰਨਾ ੧੯੩-੯੪)

ਫਿਰ ਸੱਚਾ ਅਨੰਦ ਖਿੜਦਾ ਹੈ, ਤਨ ਮਨ ਹਰਿਆ ਹੁੰਦਾ ਹੈ ਤੇ ਹਿਰਦਾ-ਬਾਗ਼ ਵੀ ਹਰਾ-ਭਰਾ ਹੋ ਕੇ ਅਗਿਆਨ ਦਾ ਅੰਧੇਰਾ ਬਿਨਸ ਜਾਂਦਾ ਹੈ, ਕਿਉਂਕਿ ਹਿਰਦੇ ਅੰਦਰ ਗੁਰੂ-ਗਿਆਨ (ਨਾਮ-ਸਿਮਰਨ) ਦਾ ਦੀਵਾ ਜਗਮਗਾ ਉਠਦਾ ਹੈ। ਗੁਰਬਾਣੀ ਇਸ ਤੱਥ ਨੂੰ ਉਜਾਗਰ ਕਰਦੀ ਹੈ:

ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ॥
ਗੁਰ ਕੈ ਸੰਗਿ ਸਗਲ ਨਿਸਤਾਰਾ॥੩॥੯॥
(ਪੰਨਾ ੮੬੪-੬੫)

ਗੁਰ ਪਰਸਾਦਿ ਸਹਜ ਘਰੁ ਪਾਇਆ
ਮਿਟਿਆ ਅੰਧੇਰਾ ਚੰਦੁ ਚੜਿਆ॥੧॥ਰਹਾਉ॥੯੨॥
(ਪੰਨਾ ੩੯੩)

ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ,
ਗਗਨ ਮੰਡਲ ਮਹਿ ਧਿਆਨਾਨਾਂ॥੧॥੭੪॥
(ਪੰਨਾ ੩੩੯)

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥ ਸਲੋਕ॥੨੩॥ (ਪੰਨਾ ੨੯੩)

ਸਤਿਗੁਰੂ ਗੁਰ ਗਿਆਨ ਦਾ ਸੁਰਮਾ ਪ੍ਰਾਣੀ ਦੇ ਅੰਤਰ-ਆਤਮੇ (ਅੰਤਰੀਵ ਸੁਰਤਿ-ਨੇਤਰਾਂ ਵਿਚ ਪਾਉਂਦਾ ਹੈ, ਗੁਰ-ਉਪਦੇਸ਼ ਨਾਮ-ਸਿਮਰਨ ਦਾ ਚਾਨਣ ਬਖ਼ਸ਼ਦਾ ਹੈ,ਜਿਸ ਨਾਲ ਹਿਰਦੇ ਅੰਦਰੋਂ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਪਰ ਹਰੀ-ਪ੍ਰਭੂ ਜੀ ਦੀ ਕਿਰਪਾ ਸਦਕਾ ਹੀ ਸੰਤ-ਸਤਿਗੁਰੂ ਭੇਟਿਆ ਜਾਂਦਾ ਹੈ ਅਤੇ ਮਨ ਵਿਚ ਗਿਆਨ-ਚਾਨਣ ਹੁੰਦਾ ਹੈ। ਫ਼ੁਰਮਾਨ ਹੈ

ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ॥੧॥੫॥ (ਪੰਨਾ ੬੦੯-੧੦)

ਜਦ ਅੰਤਰ-ਆਤਮੇ ਗਿਆਨ ਪ੍ਰਗਾਸਦਾ ਹੈ ਤਾਂ ਹੀ ਗੋਬਿੰਦ ਨੂੰ ਨਿਕਟ (ਨੇੜੇ) ਪੇਖ ਕੇ ਭਜਿਆ


www.AKJ.Org

(ਸਿਮਰਿਆ) ਜਾ ਸਕਦਾ ਹੈ। ਗੁਰ-ਫ਼ੁਰਮਾਨ:

ਗੁਰਿ ਦ੍ਰਿਸਟਾਇਆ ਸਭਨੀ ਠਾਂਈ॥
ਜਲਿ ਥਲਿ ਪੂਰਿ ਰਹਿਆ ਗੋਸਾਈ॥
ਊਚ ਊਨ ਸਭ ਏਕ ਸਮਾਨਾਂ
ਮਨਿ ਲਾਗਾ ਸਹਜਿ ਧਿਆਨਾ ਹੇ॥੬॥੪॥
(ਪੰਨਾ ੧੦੭੫)

ਗੁਰਬਾਣੀ ਦੇ ਉਪਰ ਦਿੱਤੇ ਪ੍ਰਮਾਣਾਂ ਦੀ ਰੋਸ਼ਨੀ ਵਿਚ ਇਹ ਗੱਲ ਨਿਸਚੇ ਹੁੰਦੀ ਹੈ ਕਿ ਇਸ ਸ਼ਬਦ ਵਿਚ ਦਰਸਾਏ ਸਾਰੇ ਗੁਣ ਕਿਸੇ ਦੇਹਧਾਰੀ ਵਿਅਕਤੀ ਵਿਚ ਨਹੀਂ ਪਾਏ ਜਾ ਸਕਦੇ, ਇਸ ਸਭੋ ਗੁਣ ਜੋਤੀ-ਸਰੂਪ ਸਤਿਗੁਰੂ ਵਿਚ ਹੀ, ਸ਼ਬਦ ਸਤਿਗੁਰੂ ਵਿਚ ਹੀ ਪਾਏ ਜਾ ਸਕਦੇ ਹਨ। ਸੰਤ-ਸੱਜਣ-ਸਤਿਗੁਰੂ ਜੀ ਹਿਰਦੇ ਘਰ ਵਿਚ ਆ ਕੇ ਵੱਸਣ ਨਾਲ ਹੀ ਅੰਤਰ-ਆਤਮੇ ਨਾਮ ਦਾ ਪ੍ਰਗਾਸ ਹੁੰਦਾ ਹੈ। ਇਸ ਕਰਕੇ ਇਸ ਸ਼ਬਦ ਵਿਚ ਸੰਤ-ਸੱਜਣ ਸਤਿਗੁਰੂ ਜੀ ਹੀ ਹਨ, ਹੋਰ ਕੋਈ ਸੰਤ-ਸੱਜਣ ਨਹੀਂ।

ਪਰ ਸਾਡੇ ਟੀਕਾਕਾਰ ਜੀ ਲਿਖੀ ਜਾ ਰਹੇ ਹਨ:ਹੇ ਸੰਤ ਜਨੋ...., ਹੇ ਸੱਜਣੋ......ਹੇ ਭਾਈ! ਜਦੋਂ ਮੈਂ ਸੰਤ ਜਨਾਂ ਦੇ ਚਰਨ ਮੱਥੇ ਉਤੇ ਰੱਖਦਾ ਹਾਂ, ਮੇਰੇ ਹਿਰਦੇ -ਘਰ ਵਿਚ ਆਤਮ-ਚਾਨਣ ਹੋ ਜਾਂਦਾ ਹੈ, ਆਦਿ। ਜੇ ਕੋਈ ਟੀਕਾਕਾਰ ਜੀ ਸੰਤ-ਗੁਰੂ ਦੀ ਗੱਲ ਕਰਦੇ ਵੀ ਹਨ ਤਾਂ ਦੱਬੀ ਜ਼ਬਾਨ ਵਿਚ। ਅਤੇ ਫਿਰ "ਸੰਤ ਪ੍ਰਸਾਦਿ ਕਮਲ ਬਿਗਸੈ..." ਵਾਲੀ ਤੁਕ ਦੇ ਅਰਥ ਕਰਦਿਆਂ ਸੰਤਾਂ-ਮਹਾਤਮਾਂ ਨੂੰ ਪ੍ਰਸੰਨ ਕਰ ਦਿੰਦੇ ਹਨ: "ਸੰਤ ਜਨਾਂ ਦੀ ਕਿਰਪਾ ਨਾਲ ਮੇਰਾ ਹਿਰਦਾ-ਕੰਵਲ ਖਿੜਦਾ ਹੈ।" ਕਿਹੜੇ ਸੰਤ-ਜਨਾਂ ਦੀ ਕਿਰਪਾ ਨਾਲ? ਅੱਜ ਤੋਂ ੪੦ ਕੁ ਸਾਲ ਪਹਿਲਾਂ ਇਕ ਟੀਕਾਕਾਰ ਜੀ ਨਾਲ ਵੀਚਾਰ ਕਰਦਿਆਂ ਉਨ੍ਹਾਂ ਇਹ ਗਲ ਸਵੀਕਾਰ ਕੀਤੀ ਸੀ ਕਿ ਸੁਖਮਨੀ ਸਾਹਿਬ ਦੀ ਸਤਵੀਂ ਤੇ ਤੇਰ੍ਹਵੀਂ ਅਸ਼ਟਪਦੀ ਸਤਿਗੁਰੂ ਜੀ ਪ੍ਰਥਾਇ ਹੀ ਹਨ, ਕਿਸੇ ਅਖੌਤੀ ਸਾਧ-ਸੰਤ ਪ੍ਰਥਾਇ ਨਹੀਂ। ਪਰ ਜਦ ਉਨ੍ਹਾਂ ਦਾ ਟੀਕਾ ਵੇਖਿਆ ਗਿਆ ਤਾਂ ਉਨ੍ਹਾ ਨੇ ਸਾਧਾਂ-ਸੰਤਾਂ ਦੀ ਹੀ ਗੱਲ ਕੀਤੀ ਹੈ ਗੁਰੂ ਦਾ ਕਿਤੇ ਜ਼ਿਕਰ ਨਹੀਂ।

ਭਾਵੇਂ ਟੀਕਾਕਾਰ ਸੱਜਣਾਂ ਨੇ ਆਪਣੇ ਵੱਲੋਂ ਨੇਕ-ਨੀਯਤੀ ਨਾਲ ਮੂਲ ਬਾਣੀ ਦੇ ਸ਼ਬਦਾਂ ਦੇ ਨੇੜੇ ਰਹਿ ਕੇ ਅਰਥ ਕੀਤੇ ਹਨ, ਪਰ ਫਿਰ ਵੀ ਚਲਦੇ ਪ੍ਰਸੰਗ ਅਨੁਸਾਰ ਅਸਲ ਰੂਪ ਵਿਚ ਗੁਰੂ ਦੀ ਗੱਲ ਨੂੰ ਸਪੱਸ਼ਟ ਸ਼ਬਦਾਂ ਵਿਚ ਨਾ ਪ੍ਰਗਟ ਕਰਨਾ, ਸਿੱਖ ਸੰਗਤਾਂ ਨੂੰ ਭੁਲੇਖੇ ਵਿਚ ਪਾਉਣਾ ਹੈ।

ਸੋ ਲੋੜ ਹੈ ਕਿ ਜਿਥੇ ਕਿਤੇ ਵੀ ਸਪੱਸ਼ਟ ਰੂਪ ਵਿਚ ਜੋਤੀ ਸਰੂਪ ਸਤਿਗੁਰੂ ਜੀ ਦੇ ਗੁਣ ਦਰਸਾਏ ਜਾ ਰਹੇ ਹੋਣ ਉਥੇ ਦਲੇਰੀ ਨਾਲ ਗੁਰੂ ਜੀ ਦੇ ਪ੍ਰਸੰਗ ਨੂੰ ਦੱਸਿਆ ਜਾਏ। ਵੱਖ ਵੱਖ ਗ੍ਰੰਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਜਿਹੇ ਅਰਥਾਂ ਤੋਂ ਡੇਰਿਆਂ ਦੇ ਸਾਧਾਂ-ਸੰਤਾਂ ਨੂੰ ਕਾਫ਼ੀ ਸਹਾਇਤਾ ਮਿਲਦੀ ਹੈ। ਇਨ੍ਹਾਂ ਅਰਥਾਂ ਨੂੰ ਆਪਣੇ ਉਤੇ ਢੁਕਾਅ ਕੇ ਉਹ ਸਿਖ-ਸੰਗਤਾਂ ਨੂੰ ਆਪਣੀ ਮਹਾਨਤਾ ਜਣਾਉਂਦੇ ਹਨ। ਦੇਖਣ ਵਿਚ ਆਇਆ ਹੈ ਕਿ ਕਈ ਸੱਜਣ ਕੁਝ ਸਿੱਧੀ ਪ੍ਰਾਪਤ ਕਰ ਲੈਂਦੇ ਹਨ ਤਾਂ ਗੋਲ ਪੱਗ ਬੱਧੀ, ਲੰਮਾ ਚੋਲਾ ਪਾਇਆ ਅਤੇ ਸੰਤਾਂ ਦੇ ਰੂਪ ਵਿਚ ਪ੍ਰਗਟ ਹੋ ਆਉਂਦੇ ਹਨ। ਕੁਝ ਕੁ ਗੁਰਬਾਣੀ 'ਚੋਂ ਸ਼ਬਦ ਚੁਣ ਲਏ, ਲੋਕਾਂ ਦੇ ਮਨਾਂ ਨੂੰ ਭਾਉਂਦੀਆਂ ਧਾਰਨਾਂ ਵਿਚ, ਸਮੇਤ ਮਿੱਠੀਆਂ ਚੋਪੜੀਆਂ ਬਾਤਾਂ ਦੇ ਅਲਾਪ ਕੇ, ਦੀਵਾਨਾਂ ਵਿਚ ਗੂੰਜਾਂ ਪਾਈਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਚਿਕਨੀਆਂ-ਚੋਪੜੀਆਂ ਗੱਲਾਂ ਸਿਖ-ਸੰਗਤਾਂ ਨੂੰ ਭਰਮਾਅ ਲੈਂਦੀਆਂ ਹਨ। ਬਸ, ਦਿਨਾਂ ਵਿਚ ਹੀ ਸੰਤਾਂ ਦੀ ਜੈ ਜੈਕਾਰ ਹੋਣ ਲੱਗ ਪੈਂਦੀ ਹੈ।

ਸਪੋਕਸਮੈਨ ਆਪਣੇ ਪਰਚੇ ਵਿਚ ਸੰਤਾਂ ਬਾਰੇ ਆਪਣੇ ਮੈਗਜ਼ੀਨ ਵਿਚ ਲਿਖਦਾ ਹੈ:

"ਪਿਛਲੇ ੩੦-੪੦ ਸਾਲਾਂ ਵਿਚ ਇਕ ਵੱਡੀ ਸਮੱਸਿਆਂ ਇਹ ਪੈਦਾ ਹੋ ਗਈ ਹੈ ਕਿ ਸੰਤਾਂ-ਮਹਾਤਮਾਵਾਂ ਤੇ 'ਕਾਰ-ਸੇਵਾ' ਵਾਲੇ ਬਾਬਿਆਂ ਦੀ ਗਿਣਤੀ ਵਿਚ ਬੇਪਨਾਹ ਵਾਧਾ ਹੋਇਆ ਹੈ। ਸ਼ੁਰੂ ਵਿਚ ਇਹ ਸਿੱਖੀ ਦੀ ਗੱਲ ਕਰਦੇ ਹਨ, ਪਰ ਹੌਲੀ ਹੌਲੀ ਬਹੁਤੇ ਸੰਤਾਂ ਦਾ ਯਤਨ ਇਹੀ ਹੁੰਦਾ ਹੈ ਕਿ ਲੋਕ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਪੁਰਖ ਉਤੇ ਸ਼ਰਧਾ ਲਿਆਉਣ ਤੋਂ ਜ਼ਿਆਦਾ ਉਨ੍ਹਾਂ ਸੰਤਾਂ ਦੇ ਸ਼ਰਧਾਲੂ ਬਣਨ। ਅਜਿਹਾ ਕਰਨ ਲਈ ਉਹ ਕਈ ਅਡੰਬਰ ਰਚਦੇ ਹਨ, ਭੇਖ ਧਾਰਦੇ ਹਨ ਅਤੇ ਭੇਖੀ ਸਾਧਾਂ ਵੱਲੋਂ ਧਾਰਨ ਕੀਤੇ ਜਾਂਦੇ ਸਾਰੇ ਖੇਪਣ ਵਰਤਦੇ ਹਨ। ਨਤੀਜੇ ਵਜੋਂ ਸਿੱਖੀ


www.AKJ.Org

ਮਾਹੌਲ ਖ਼ਤਮ ਹੁੰਦਾ ਜਾਂਦਾ ਹੈ ਤੇ ਮਨਮਤਿ ਫੈਲਦੀ ਜਾਂਦੀ ਹੈ ਲੋਕ ਆਪਣੀਆਂ ਆਪਣੀਆਂ ਨਿੱਜੀ ਗ਼ਰਜ਼ਾਂ ਪੂਰੀਆਂ ਕਰਨ ਲਈ 'ਬਾਬਿਆਂ' ਦੀ ਸ਼ਰਣ ਆਉਣਾ ਲਾਹੇਵੰਦਾਂ ਸਮਝਣ ਲੱਗ ਪੈਂਦੇ ਹਨ। ਮਨਮਤਿ ਫੈਲਾਉਣ ਵਾਲੇ ਡੇਰੇ ਸਿੱਖੀ ਨੂੰ ਬਹੁਤ ਢਾਹ ਲਾ ਰਹੇ ਹਨ। ਸ਼ੁਰੂ ਵਿਚ ਇਹ ਕੰਮ ਨਾਮਧਾਰੀਆਂ ਤੇ ਰਾਧਾ ਸਵਾਮੀਆਂ ਨੇ ਕੀਤਾ ਸੀ, ਪਰ ਹੁਣ 'ਸਿੱਖ-ਸੰਤ' ਅਤੇ 'ਬਾਬੇ' ਹੀ ਇਹ ਕੰਮ ਕਰ ਰਹੇ ਹਨ।''

(ਸਪੋਕਸਮੈਨ, ਚੰਡੀਗੜ੍ਹ, ਸਤਬੰਰ ੯੫, ਪੰਨਾ ੧੭)

ਇਕ ਹੋਰ ਥਾਂ 'ਸਪੋਕਸਮੈਨ' ਲਿਖਦਾ ਹੈ:

ਅਸਲ ਵਿਚ ਬਹੁਤੇ ਸੰਤ ਆਪਣੀ ਨਿਜੀ ਵਾਹਵਾ ਦੇ ਪਰਪੰਚ ਵਿਚ ਰੁਝੇ ਹੋਣ ਕਰਕੇ ਇਸ ਗੱਲ ਦੀ ਪਰਵਾਹ ਹੀ ਨਹੀਂ ਕਰਦੇ ਕਿ ਉਨ੍ਹਾਂ ਦੇ ਸ਼ਰਧਾਲੂ ਸਿੱਖੀ ਵਿਚ ਕਿੰਨੇ ਪਰਪੱਕ ਹਨ ਤੇ ਕਿਹੜੇ ਕਿਹੜੇ ਗ਼ਲਤ ਝੁਕਾਵਾਂ ਦਾ ਸ਼ਿਕਾਰ ਹੋ ਰਹੇ ਹਨ...

ਗੁਰਬਾਣੀ ਦੀ ਗ਼ਲਤ ਵਰਤੋਂ ਕਰਨ ਲਗਿਆਂ ਵੀ ਇਹ 'ਸੰਤ' ਜ਼ਰਾ ਨਹੀਂ ਝਿਜਕਦੇ। 'ਸੰਤ' ਦੀ ਮਹਿਮਾ ਵਾਲਾ ਸ਼ਬਦ ਛੇੜ ਕੇ ਇਹ ਦੋ ਦੋ ਮਿੰਟਾਂ ਮਗਰੋਂ ਅਜਿਹੀਆਂ ਮਿਸਾਲਾਂ ਦੇਣੀਆਂ ਸ਼ੁਰੂ ਕਰ ਦਿੰਦੇ ਹਨ ਕਿ ਫ਼ਲਾਣੀ ਮਾਈ ਜਾਂ ਫ਼ਲਾਣੇ ਭਾਈ ਨੇ ਸੁਖਣਾ ਸੁੱਖੀ ਸੀ, ਜੋ 'ਸੰਤ' ਜੀ ਮਹਾਰਾਜ' ਨੇ ਪੂਰੀ ਕਰ ਦਿੱਤੀ ਤੇ ਹੁਣ ਧੰਨਵਾਦ ਵਜੋਂ ਸੈਂਕੜੇ ਜਾਂ ਹਜ਼ਾਰਾਂ ਰੁਪਏ 'ਸੰਤਾਂ ਜੀ ਦੇ ਚਰਨਾਂ ਵਿਚ ਭੇਟ ਕਰਨ' ਆਏ ਹਨ। ਨਿਜੀ ਮਸ਼ਹਜ਼ਰੀ ਦੇ ਪਰਪੰਚ ਰਚਾਉਂਦਿਆਂ ਇਨ੍ਹਾਂ ਦਾ ਅਸਲ ਮਕਸਦ ਲੋਕਾਂ ਨੂੰ ਅਕਾਲ ਪੁਰਖ ਤੇ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਸੀ, ਨਾ ਕਿ ਆਪਣੀ ਮਹਿਮਾ ਕਰਾਉਣੀ ਤੇ ਗੁਰੂ ਦਾ ਸ਼ਰੀਕ ਬਣ ਬੈਠਣਾ। ਗੁਰੂ ਗ੍ਰੰਥ ਸਾਹਿਬ ਕੋਲ ਆਪਣੇ ਵਿਸ਼ੇਸ਼ ਗਦੇਲੇ ਵਿਛਾਉਂਦੇ ਹਨ ਅਤੇ ਉਨ੍ਹਾਂ ਉਪਰ ਬੈਠ ਕੇ ਆਸ ਕਰਦੇ ਹਨ ਕਿ ਉਨ੍ਹਾਂ ਦੇ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਵੱਲ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਮੱਥਾ ਟੇਕਣ।''

(ਸਪੋਕਸਮੈਨ ਚੰਡੀਗੜ੍ਹ, ਜੁਲਾਈ ੯੫, ਪੰਨਾ ੧੮-੧੯)

ਲੈਫ਼ ਕਰਨਲ ਇੰਦਰ ਸਿੰਘ ਜੀ ਨੇ ਪੁਸਤਕ ਹਰਿ ਜੀ ਦਾ ਮਾਰਗ ੧੯੮੨ ਵਿਚ ਸਿਖ-ਸੰਗਤਾਂ ਦੀ ਭੇਟਾ ਕੀਤੀ, ਉਸ ਦੀ ਭੂਮਿਕਾ ਵਿਚ ਆਪ ਜੀ ਲਿਖਦੇ ਹਨ:

''ਕਲਜੁਗ ਵਿਚ ਜੀਵਾਂ ਦੀ ਬੁੱਧੀ 'ਤੇ, ਅਗਿਆਨਤਾ ਦਾ ਹੋਰ ਵਧੇਰਾ ਤੇ ਗਾੜ੍ਹਾ ਪਰਦਾ ਪੈ ਜਾਂਦਾ ਹੈ, ਤੇ ਲੋਭ ਕਰਕੇ ਮਤਿ ਮਾਰੀ ਜਾਂਦੀ ਹੈ। ਇਸ ਲਈ, ਅੱਜ ਕਲ੍ਹ ਬਹੁਤ ਸਾਰੇ ਲੋਕ 'ਸੰਤ' ਪਦ ਆਪਣੇ ਨਾਂ ਨਾਲ ਜੋੜ ਕੇ ਇਸ ਦੀ ਗ਼ਲਤ ਵਰਤੋਂ ਕਰਦੇ ਹਨ, ਅਤੇ ਬਹੁਤ ਸਾਰੇ ਅਖੌਤੀ ਸਿਖ, ਆਪਣੇ ਗੁਰੂ ਜੀ ਨੂੰ ਛੱਡ ਕੇ, ਇਨ੍ਹਾਂ ਨਕਲੀ ਗੁਰੂਆਂ, ਸੰਤਾਂ, ਮਹਾਤਮਾਂ ਦੇ ਸੇਵਕ ਬਣ ਜਾਂਦੇ ਹਨ, ਵੇਖੋ ਵੇਖੀ (ਭੇਡ-ਚਾਲ) ਤੇ ਇਸ ਘੁੰਮਣ-ਘੇਰੀ ਵਿਚੋਂ ਨਿਕਲ ਨਹੀਂ ਸਕਦੇ। ਜੋ ਜੀਵ ਆਪ ਅੰਨ੍ਹਾ ਹੈ, ਉਹ ਦੂਜੇ ਨੂੰ ਰਸਤਾ ਕੀ ਦਸੇਗਾ।''

ਕਈ ਸੰਤਾਂ-ਮਹੰਤਾਂ ਦੇ ਨਾਮ ਲਿਖਦਿਆਂ/ ਉਚਾਰਦਿਆਂ ਉਨ੍ਹਾਂ ਦੇ ਨਾਵਾਂ ਦੇ ਨਾਲ 'ਬ੍ਰਹਮ ਗਿਆਨੀ' ਦਾ ਮਹਾਨ ਉਤਮ ਪਦ ਜੋੜਨ ਤੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ, ਹਾਲਾਂਕਿ ਸੁਖਮਨੀ ਸਾਹਿਬ ਵਿਚ ਬ੍ਰਹਮ ਗਿਆਨੀ ਦੇ ਜੋ ਜੋ ਲੱਛਣ ਦੱਸੇ ਗਏ ਹਨ, ਉਹ ਇਨ੍ਹਾਂ ਸੰਤਾਂ-ਮਹੰਤਾਂ ਵਿਚੋਂ ਢੂੰਡਿਆਂ ਨਹੀਂ ਲੱਭ ਸਕਦੇ।

ਸੰਤਾਂ ਦੇ ਵੱਖ ਵੱਖ ਡੇਰਿਆਂ ਨੇ ਆਪੋ ਆਪਣੀ ਮਰਯਾਦਾ ਤੋਰੀ ਹੋਈ ਹੈ। ਹਰ ਕੋਈ ਆਪਣੀ ਮਰਯਾਦਾ ਨੂੰ ਹੀ ਸਭ ਤੋਂ ਉਤਮ ਮੰਨਦਾ ਹੈ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਏਕਤਾ ਲਈ ਸਭ ਜਥੇਬੰਦੀਆਂ ਨੂੰ ਸੱਦਾ ਦਿੱਤਾ ਗਿਆ ਤਾਂ ਜੱਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਮੁਖੀ ਜਥੇਬੰਦੀਆਂ ਨੂੰ ਉਚੇਚੇ ਤੌਰ 'ਤੇ ਇਸ ਪੰਥਕ ਇਕੱਠ ਵਿਚ ਪੁੱਜਣ ਲਈ ਬੇਨਤੀ ਕੀਤੀ ਗਈ, ਪਰ ਉਹ ਪੰਥਕ ਇਕੱਤ੍ਰਤਾ ਵਿਚ ਸ਼ਾਮਲ ਨਾ ਹੋਏ। ਸਗੋਂ ਥੋੜੇ ਦਿਨਾਂ ਬਾਅਦ ਹੀ ਸਾਧਾਂ-ਸੰਤਾਂ ਅਤੇ ਡੇਰੇਦਾਰ ਮਹੰਤਾਂ ਦਾ ਸੌ ਤੋਂ ਵੱਧ ਗਿਣਤੀ ਵਿਚ ਇਕੱਠ ਕਰ ਕੇ ਇਕ 'ਸੰਤ-ਸਮਾਜ' ਨਾਮੇ ਜਥੇਬੰਦੀ ਦਾ ਐਲਾਨ ਕੀਤਾ ਅਤੇ ਉਸ ਜਥੇਬੰਦੀ ਦੇ ਨਾਂ ਹਠ ਆਪਣੀ ਵੱਖਰੀ ਰਹਿਤ ਮਰਯਾਦਾ ਛਾਪ ਕੇ ਹਜ਼ਾਰਾਂ ਦੀ ਗਿਣਤੀ ਵਿਚ ਸਿਖ-ਸੰਗਤਾਂ ਵਿਚ ਵੰਡੀ ਤੇ ਪ੍ਰਚਾਰੀ ਗਈ।

ਡੇਰੇਦਾਰ ਸੰਤਾਂ-ਮਹੰਤਾਂ ਦੀਆਂ ਅਜਿਹੀਆਂ ਕਾਰਵਾਈਆਂ ਨਾਲ ਪੰਥ ਵਿਚ ਏਕਤਾ ਹੋਣੀ ਤਾਂ ਇਕ ਪਾਸੇ ਰਹੀ, ਸਗੋਂ ਸਿੱਖੀ ਪ੍ਰਚਾਰ ਵਿਚ ਪੰਥ ਨੂੰ ਬੜੀ ਢਾਹ ਲੱਗ ਰਹੀ ਹੈ। (ਬਾਕੀ ਪੰਨਾ ੪੦ ਤੇ....)


www.AKJ.Org

# ਪੂਰਨ-ਗੁਰਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਵਲੋਂ ਪ੍ਰੋਫ਼ੈਸਰ ਬਲਬੀਰ ਸਿੰਘ 'ਦਿਲ')

(ਦੂਜੀ ਕਿਸ਼ਤ)

ਜਿਸ ਨੂੰ ਕਿਤੋਂ ਇਕ ਸ਼ਬਦ ਮਿਲ ਜਾਵੇ, ਉਹ ਗੁਰੂ ਬਣ ਬੈਠਦਾ ਹੈ। ਕੰਨ ਵਿਚ ਫੂਕ ਮਾਰ ਕੇ ਗੁਰਮੰਤਰ ਦੇਣ ਵਾਲੇ ਸੰਸਾਰਕ ਗੁਰੂ ਸਿਮਰਨ ਦੀ ਜੁਗਤੀ ਕੇਵਲ ਉਸ ਨੂੰ ਦਸਦੇ ਹਨ, ਜੋ ਚਰਨਾਂ ਵਿਚ ਢਹਿ ਕੇ ਉਹਨਾਂ ਨੂੰ ਪਹਿਲਾਂ ਗੁਰੂ ਧਾਰਨ ਕਰੇ। ਫੇਰ ਇਹ ਜੁਗਤੀ ਕੋਈ ਸੌਖੀ ਜੁਗਤੀ ਨਹੀਂ ਹੁੰਦੀ। ਕੋਈ ਖੱਟ ਚੱਕਰਾਂ ਨੂੰ ਵਿੰਨ੍ਹਣ ਦਾ ਉਪਦੇਸ਼ ਕਰਦਾ ਹੈ ਤੇ ਕੋਈ ਪਰਾ ਪਸੰਤੀ ਮਧਮਾ ਅਤੇ ਕੋਈ ਬੈਖਰੀ ਬਾਣੀ ਰਾਹੀਂ ਨਾਮ ਦੇ ਸਿਮਰਨ ਦੀ ਵਿਧੀ ਸਮਝਾਉਂਦਾ ਹੈ। ਗੱਲ ਕੀ, ਅਸ਼ਾਂਤੀ ਦੀ ਭੱਠੀ ਵਿਚ ਤਪ ਰਹੀ ਜੀਵ-ਆਤਮਾ ਇਹੋ ਜਿਹੇ ਗੁਰੂਆਂ ਦੀਆਂ ਭੁਲ-ਭੁਲਈਆਂ ਵਿਚ ਭਟਕ ਭਟਕ ਕੇ ਰਹਿ ਜਾਂਦੀ ਹੈ। ਭਾਈ ਸਾਹਿਬ ਦੀ ਵਾਰਤਕ ਭੁੱਲੀਆ ਭਟਕੀਆਂ ਰੂਹਾਂ ਨੂੰ ਸਿੱਧਾ ਰਾਹ ਵਿਖਾਉਣ ਵਿਚ ਬਹੁਤ ਸਹਾਇਤਾ ਕਰ ਸਕਦੀ ਹੈ, ਕਿਉਂਕਿ ਇਸ ਦਾ ਉਦੇਸ਼ ਭੁਲੇਖੇ ਪਾਉਣਾ ਨਹੀਂ, ਸਗੋਂ ਭੁਲੇਖਿਆਂ ਨੂੰ ਦੂਰ ਕਰਨਾ ਹੈ। ਇਸ ਵਿੱਚ ਸ਼ੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਈ ਵਿਚਾਰ ਬਾਰ ਬਾਰ ਦੁਹਰਾ ਕੇ ਦ੍ਰਿੜ ਕਰਵਾਏ ਗਏ ਹਨ ਅਤੇ ਸਿਆਣੇ ਖੋਜੀ ਨੂੰ ਕਿਤੇ ਟਪਲਾ ਨਹੀਂ ਲਗਦਾ, ਪਰ ਆਮ ਕਰਕੇ ਬਹੁਤੇ ਵਿਦਵਾਨ ਗੁਰਬਾਣੀ ਦੇ ਅੰਤ੍ਰੀਵ ਅਰਥਾਂ ਤਕ ਨਹੀਂ ਪਹੁੰਚਦੇ। ਇਸ ਦਾ ਮੂਲ ਕਾਰਨ ਇਹ ਹੈ ਕਿ ਇਸ ਪਾਸੇ ਉਹਨਾਂ ਦਾ ਨਿੱਜੀ ਅਨੁਭਵ ਨਹੀਂ ਹੁੰਦਾ। ਸੋ ਭੁਲੇਖਿਆਂ ਵਿਚ ਪਏ ਟਪਲੇ ਖਾਂਦੇਰਹਿ ਜਾਂਦੇ ਹਨ। ਅਜਪਾ ਜਾਪ, ਚਰਨ ਕੰਵਲ, ਨਾਭੀ ਕੰਵਲ, ਅਨਹਤ ਸ਼ਬਦ, ਧਰਮ ਖੰਡ, ਗਿਆਨ ਖੰਡ, ਕਰਮ ਖੰਡ, ਸੱਚ ਖੰਡ ਆਦਿਕ ਆਤਮਕ-ਅਵਸਥਾਵਾਂ ਬਾਰੇ ਵਿਦਵਾਨਾਂ ਵਿਚ ਬਹੁਤ ਮਤ-ਭੇਦ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਵਾਰਤਕ ਉਪਰੋਕਤ ਸੁਆਲਾਂ ਦਾ ਜਵਾਬ ਨਿੱਜੀ ਅਨੁਭਵ ਦੁਆਰਾ ਪੇਸ਼ ਕਰਦੀ ਹੈ। ਅਜਪਾ ਜਾਪ, ਚਰਨ ਕੰਵਲ, ਨਾਭੀ ਕੰਵਲ ਅਤੇ ਅਨਹਤ ਸ਼ਬਦ ਦਾ ਰਹੱਸ ਹੇਠ ਲਿਖੇ ਵਾਕਾਂ ਰਾਹੀਂ ਖੁਲ੍ਹ ਜਾਂਦਾ ਹੈ:-

(ੳ) ਨਾਮ ਅੰਮ੍ਰਿਤ ਪਿਰਮ ਪਿਆਲਾ ਪੀਣ-ਹਾਰੇ ਚੁਪ ਚੁਪੋਲਿਆਂ ਨੂੰ ਨਭ ਨਾਭ ਵਿਖੇ ਅੰਮ੍ਰਿਤ ਸਰੋਵਰ ਉਗਮ ਆਉਂਦੇ ਹਨਟੇਕ ਵਿਚ ਠਹਿਰੀ ਰਹਿੰਦੀ ਹੈ (ਅਡੋਲ

(ਅ) ਰਸਨ ਰਟਨੜੀ ਨਾਮ ਅਭਿਆਸ ਕਮਾਈ ਦੁਆਰਾ ਰਸ ਜੋਤਿ-ਵਿਗਾਸੀ ਬਿਸਮਾਦ ਕਲਾ ਵਾਲਾ ਨਾਮ ਹਿਰਦੇ ਅੰਦਰਿ ਜਦੋਂ ਪਰਗਾਸਦਾ ਹੈ ਤਾਂ ਇਸ ਦੀ ਪਕੜ ਨਾਭ-ਕੰਵਲ ਵਿਖੇ ਜਕੜ ਜੁੜਿਆ ਸੁਆਦ ਅਹਿਲਾਦ ਉਤਪੰਨ ਕਰ ਦਿੰਦੀ ਹੈ। ਇਸ ਵਿਸਮਾਦ ਅਹਿਲਾਦੀ ਰਸ ਸੁਆਦ ਵਿਚ ਗੀਧੇ ਹੋਏ ਸੁਆਸ ਅਭਿਆਸੀ ਜਨ ਦੀ ਨਾਭੀ ਅੰਦਰ ਹੀ ਅਟਕੇ ਰਹਿੰਦੇ ਹਨ। ਇਸ ਵਿਸਮਾਦ ਸੁਆਦ ਦਾ ਰਸੀਆ ਹੋ ਕੇ ਅਭਿਆਸੀ ਜਨ ਸੁਆਸਾਂ ਨੂੰ ਸ਼ਬਦ ਅਭਿਆਸ ਦੇ ਬਲ ਨਾਲ ਆਪਣੀ ਨਾਭੀ ਵਿਖੇ ਅਟਕਾਈ ਰਖਦਾ ਹੈ ਅਤੇ ਸੁਰਤੀ ਨੂੰ ਸਹਜ ਗਗਨ ਦੁਆਰ (ਦਸਮ ਦੁਆਰ) ਵਿਖੇ ਚੜ੍ਹਾ ਲੈਂਦਾ ਹੈ। ਨਾਮ ਦਾ ਇਸ ਰਸ-ਜੋਤਿ-ਵਿਗਾਸੀ ਟਿਕਾਉ ਵਿਚ ਨਾਭੀ ਅੰਦਰ ਅਟਕੇ ਰਹਿਣਾ, ਚਰਨ ਕੰਵਲਾਂ ਦਾ ਹਿਰਦੇ ਅੰਦਰ ਰਹਿਣਾ (ਪਕੜਨਾ) ਹੈ। ਚਰਨ ਕੰਵਲਾਂ ਦਾ ਏਹ ਗਹਿਣ-ਗਹਾਉ ਦਬੜੇ ਢੋਲੇ (ਅਕਾਲ ਪੁਰਖ ਪਿਆਰੇ) ਦੇ ਸਾਖਸ਼ਾਤ ਦਰਸ਼ਨਾਂ ਦਾ ਸੱਚਾ ਢੋਆ ਹੈ।

(ੲ) ਸਿਮਰਨ ਕਮਾਈ ਦੁਆਰਾ ਜਦੋਂ ਨਾਮ ਦਾ ਵਿਗਾਸ ਅੰਤਰਗਤਿ ਹੁੰਦਾ ਹੈ, ਤਦੋਂ ਹੀ ਚਰਨ ਕੰਵਲ ਰੂਪੀ ਜੋਤਿ-ਵਿਗਾਸੀ ਜ਼ਹੂਰ ਅੰਤਰ ਆਤਮੇ ਆਣ ਉਦੇ ਹੁੰਦਾ ਹੈ।

(ਸ) ਚਰਨ-ਕੰਵਲਾਂ ਦੇ ਰੰਗਾਂ ਵਿਚ ਰਮ ਕੇ ਹੀ ਪਾਰਬ੍ਰਹਮ ਗੁਰਦੇਵ ਦੇ ਅਸਚਰਜ ਰੂਪ ਦੇ ਸਾਂਗੋਂ ਪਾਂਗ ਦਰਸ਼ਨ-ਰੰਗ ਮਾਣੀਦੇ ਹਨ, ਨਹੀਂ ਤਾਂ ਏਹ ਅਸਚਰਜ ਜੋਤਿ ਸਰੂਪੀ ਅਰੂਪ ਰੂਪ ਅਦ੍ਰਿਸਟ ਅਤੇ ਅਗਮ ਅਗੋਚਰ ਹੀ ਰਹਿੰਦਾ ਹੈ।

(ਹ) ਸਤਿਗੁਰੂ ਦੀ ਚਰਨ ਕੰਵਲਾਰੀ ਦਰਸ਼ਨ ਮਉਜ, ਚਰਨ ਕੰਵਲਾਂ ਦੇ ਦਰਸ਼ਨ ਮਉਜੀ ਭਉਰਿਆਂ ਨੂੰ ਮਹਾਂ ਸੁਖ ਸੰਪਟੀ ਸਹਿਜ ਘਰ ਵਿਚ ਲਿਵਲੀਨ ਅਤੇ ਸਮਾਧਿ-ਸਿਥਿਤ ਕਰਾ ਦਿੰਦੀ ਹੈ, ਜਿਸ ਸੁਖ ਸੰਪਟੀ ਸਹਿਜ ਘਰ ਵਿਚ ਅਸਥਿਤ ਹੋ ਕੇ ਸੰਕਲਪ ਵਿਕਲਪਾਂ ਦੀ ਬਉਗਨੀ ਤੇ ਨਹਿਚਲਾਨੀ ਮਤਿ ਸੁਰਤੀ ਨਿਹਚਲ ਹੋ ਜਾਂਦੀ ਹੈ ਅਤੇ ਇਕ ਅਕਾਲ ਪੁਰਖ ਦੀ ਲਿਵ



www.AKJ.Org

ਟੇਕ ਵਿਚ ਠਹਿਰੀ ਰਹਿੰਦੀ ਹੈ (ਅਡੋਲ ਟਿਕੀ ਰਹਿੰਦੀ ਹੈ)।

(ਕ) ਜਿਨ੍ਹਾਂ ਨੇ ਚਰਨ ਕੰਵਲਾਂ ਦੀ ਮਉਜ ਵਿਚ ਲਿਵ-ਧਿਆਨੀ ਹੋ ਕੇ ਦਸਮ-ਦੁਆਰੀ ਸਿੰਘਾਸਣ ਉਤੇ ਆਪਣਾ ਆਸਣ ਜਾਂ ਜਾਮਇਆ ਹੈ, ਉਹ ਤ੍ਰੈਭਵਨਾਂ ਦੀ ਸੋਝੀ (ਤਤ ਲਖਤਾ) ਅਤੇ ਤ੍ਰਿਕਾਲ-ਦਰਸਤਾ ਦੀ ਗੰਮਤਾ ਵਿਚ ਪਰਬੀਨ ਹੋ ਗਏ ਹਨ।

(ਖ) ਚਰਨ ਕੰਵਲ ਪਰਸਨ ਪ੍ਰਭਾਵ ਕਰਿ ਸਰਵਣਾਂ (ਕੰਨਾਂ) ਦੇ ਭੀ ਕਪਾਟ ਖੁੱਲ੍ਹ ਜਾਂਦੇ ਹਨ। ਏਹਨਾਂ ਸਰਵਣਾ ਅੰਦਰਿ ਪ੍ਰੀਤਮ ਦਾ ਅਨਹਦ ਨਾਦੀ ਅਖੰਡ ਜਸ-ਕੀਰਤਨ ਸੁਣਾਈ ਦੇਣ ਲਗ ਪੈਂਦਾ ਹੈ ਅਤੇ ਸਦਾ ਅਖੰਡਕਾਰ ਲਿਵ ਸੋਤ ਧੁਨੀ ਵਿਚ ਸੁਣਾਈ ਦਿੰਦਾ ਰਹਿੰਦਾ ਹੈ।

(ਗ) ਜਦ ਨਾਮ ਜੋਤ ਪ੍ਰਕਾਸ਼ੀ ਜਸ ਆਣ ਉਦੇ ਹੁੰਦਾ ਹੈ, ਫੇਰ ਤਾਂ ਜਿਉਂ ਜਿਉਂ ਨਾਮ ਜਪੀਦਾ ਹੈ, ਤਿਉਂ ਤਿਉਂ ਇਹ ਵਧਦਾ ਜਾਂਦਾ ਹੈ। ਜਿਉਂ ਜਿਉਂ ਰਸ ਵਧਦਾ ਜਾਂਦਾ ਹੈ ਤਿਉਂ ਤਿਉਂ ਅਜਪਾ ਜਾਪ ਦੀ ਲੋਚਾ ਹੋਰ ਵਧੇਰੇ ਹੁੰਦੀ ਹੈ ਅਤੇ ਵਧੇਰੇ ਨਾਮ ਜਪੀਂਦਾ ਹੈ ਅਤੇ ਵਧ ਤੋਂ ਵਧ ਵਿਸਮਾਦੀ ਰੰਗਾਂ ਅਨਿਕ ਤ੍ਰੰਗਾਂ ਵਿਚ ਜਪੀਦਾ ਹੈ। ਕੇਵਲ ਰਸਨਾ ਕਰ ਕੇ ਹੀ ਨਹੀਂ, ਕਿੰਤੂ 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ' ਦੇ ਭਾਵ ਅਨੁਸਾਰ ਰੋਮ ਰੋਮ ਕਰਕੇ, ਧਿਆਨ ਬਿਬੇਕੀ ਸੁਰਤੀ ਬਿਰਤੀ ਕਰਕੇ, ਸਾਸ ਗਿਰਾਸੀ ਲਿਵਤਾਰ ਕਰਕੇ, ਨਾਭ ਕੰਵਲੀ ਹੁਲਾਰ ਕਰਕੇ, ਰਸ ਵਿਗਾਸੀ ਧਿਆਨ-ਮਗਨਤਾ ਕਰਕੇ, ਜੋਤ ਪ੍ਰਕਾਸ਼ੀ ਲਹਿਰਾਉ ਪ੍ਰੇਮ ਵੈਰਾਗੀ ਧੁਨੀਆਂ ਕਰਕੇ, ਅਨੇਕ ਸਾਂਗਾਂ ਭਰੀਆਂ ਕਾਗਾਂ ਕਰਕੇ ਜੁਗਤੀਆਂ ਬਹੁ ਬਿਧਿ ਨਾਮ ਦਾ ਖੰਡਾ ਖੜਕਾਉਣ ਦੀਆਂ ਅੰਤਰਗਤਿ ਸੁਤੇ ਸਫੁਰਨੀ ਅਮਰੋਂ ਹੀ ਫੁਰਨ ਲਗ ਪੈਂਦੀਆਂ ਹਨ।

ਨਾਮ ਦਾ ਰਹੱਸ ਅਤੇ ਸਿਮਰਨ ਦੀ ਜੁਗਤੀ ਦਰਸਾਉਣ ਤੋਂ ਪਹਿਲਾਂ ਭਾਈ ਸਾਹਿਬ ਨੇ ਸਿੱਖੀ ਰਹਿਤ ਮਰਯਾਦਾ ਦੁਆਰਾ ਪਰਾਪਤ ਹੋਏ 'ਗੁਰਮਤਿ ਬਿਬੇਕ' ਨੂੰ ਨਾਮ ਦੀ ਪਰਾਪਤੀ ਦਾ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪ ਦੇ ਵਿਚਾਰ ਅਨੁਸਾਰ 'ਗੁਰੂ ਕ੍ਰਿਪਾਲ ਦੀ ਕਿਰਪਾ ਆਪਣੇ ਹੁਕਮੀ ਬੰਦੇ ਉਤੇ ਹੋਵੇਗੀ। ਪਹਿਲਾਂ ਹੁਕਮੀ ਬੰਦਾ ਹੋਵੇ, ਸਿੱਖ ਦਾ ਫ਼ਰਜ ਹੈ, ਪਿਛੋਂ ਉਸ ਦੀ ਨਦਰ-ਮਿਹਰ ਦਾ ਪਾਤਰ ਉਹ ਆਪੇ ਹੀ ਬਣ ਜਾਂਦਾ ਹੈ' ਸਿੱਖੀ ਰਹਿਤ ਮਰਯਾਦਾ ਬਾਰੇ ਆਪ ਦੀ ਮਹਾਨ ਰਚਨਾ 'ਗੁਰਮਤਿ ਬਿਬੇਕ' ਹੈ, ਜਿਸ ਦਾ ਮੂਲ ਖਰੜਾ 'ਜੇਲ੍ਹ ਚਿੱਠੀਆਂ' ਵਾਂਗ ਜੇਲ੍ਹ-ਯਾਤਰਾ ਦੇ ਸਮੇਂ ਤਿਆਰ ਹੋਇਆ ਸੀ। ਭਾਈ ਸਾਹਿਬ ਦੀ ਜੀਵਨੀ ਵਿਚੋਂ ਕਈ ਝਾਕੀਆਂ ਦਰਸਾ ਕੇ ਇਹ ਦ੍ਰਿੜ ਕੀਤਾ ਜਾ ਚੁੱਕਾ ਹੈ ਕਿ ਆਪ ਗੁਰਮਤਿ ਰਹਿਣੀ ਵਿਚ ਪੂਰਨ ਗੁਰਸਿੱਖ ਸਨ। ਪੰਜ ਕਕਾਰ ਤਾਂ ਸਾਰੇ ਰਖ ਲੈਂਦੇ ਹਨ, ਅੰਮ੍ਰਿਤ ਭੀ ਕਾਫ਼ੀ ਛਕਦੇ ਹਨ, ਬਾਣੀ ਭੀ ਬਹੁਤ ਪੜ੍ਹਦੇ ਹਨ ਤੇ ਕਈ ਕੁਰਹਿਤਾਂ ਤੋਂ ਭੀ ਬਚੇ ਰਹਿੰਦੇ ਹਨ, ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੀ ਰਹਿਣੀ ਵਾਲੇ ਗੁਰਸਿੱਖ ਲੱਖਾਂ ਵਿਚ ਭੀ ਵਿਰਲੇ ਮਿਲਣਗੇ। ਆਪ ਦੀ ਕਰੜੀ ਤਪੱਸਿਆ ਦੇ ਸਾਹਮਣੇ ਸਿੱਖ ਪੰਥ ਦੇ ਕਈ ਆਗੂ ਅਤੇ ਗੁਰਮਤਿ ਦੇ ਵਿਆਖਿਆਕਾਰ ਡੋਲ ਗਏ। ਗਿਆਨੀ ਗਿਆਨ ਸਿੰਘ (ਕਰਤਾ ਪੰਥ ਪ੍ਰਕਾਸ਼) ਨੂੰ ਅਫ਼ੀਮ ਖਾਣ ਦੀ ਆਦਤ ਸੀ ਤੇ ਇਹ ਔਗੁਣ ਗੁਣ ਬਣਾ ਕੇ ਦਰਸਾਉਣ ਲਈ ਉਸ ਨੇ 'ਤਵਾਰੀਖ ਗੁਰੂ ਖ਼ਾਲਸਾ' ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਅਫ਼ੀਮ ਦਾ ਸੇਵਨ ਜੋੜ ਦਿਤਾ। ਭਾਈ ਸਾਹਿਬ ਰਣਧੀਰ ਸਿੰਘ ਜੀ ਗੁਰ-ਇਤਿਹਾਸ ਨਾਲ ਬੇ-ਇਨਸਾਫ਼ੀ ਨਾ ਸਹਾਰ ਸਕੇ ਅਤੇ ਗਿਆਨੀ ਗਿਆਨ ਸਿੰਘ ਉਤੇ ਕਰੜੀ ਆਲੋਚਨਾ ਕਰ ਕੇ ਉਸ ਨੂੰ ਮਨਵਾ ਲਿਆ, ਕਿ ਗੁਰੂ ਸਾਹਿਬ ਨਾਲ ਅਫ਼ੀਮ ਦਾ ਨਸ਼ਾ ਜੋੜਨ ਦੀ ਗ਼ਲਤੀ ਉਸ ਦੀ ਆਪਣੀ ਕਮਜ਼ੋਰੀ ਫਲ-ਸਰੂਪ ਹੈ। ਪੰਡਤ ਕਰਦਾਰ ਸਿੰਘ ਨਬੀਨਾ, ਗਿਆਨੀ ਸ਼ੇਰ ਸਿੰਘ ਅਤੇ ਅਕਾਲੀ ਕੌਰ ਸਿੰਘ ਵਰਗੇ ਪ੍ਰਸਿਧ ਗੁਰਮਤਿ-ਖੋਜੀਆਂ ਅਤੇ ਵਿਆਖਿਆਕਾਰਾਂ ਨੂੰ 'ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ' ਦੁਆਰਾ ਸਿੱਧ ਕੀਤਾ, ਕਿ ਗੁਰਮਤਿ ਅਨੁਸਾਰ ਮਾਸਾਹਾਰੀ ਹੋਣਾ ਵਿਵਰਜਿਤ ਹੈ। ਮਾਸ, ਭੰਗ ਅਤੇ ਹੋਰ ਅਯੋਗ ਪਦਾਰਥਾਂ ਦੇ ਵਿਰੁਧ ਜ਼ੋਰਦਾਰ ਅਵਾਜ਼ ਉਠਾਈ, ਜਿਸ ਕਾਰਨ ਮਾਸਾਹਾਰੀ ਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਕੁਝ ਸਿੱਖ ਲੀਡਰ ਆਪ ਦੇ ਵਿਰੋਧੀ ਹੋ ਗਏ। ਇਥੋਂ ਤਕ ਕਿ ਆਪ ਦੀਆਂ ਬਾਕੀ ਪੁਸਤਕਾਂ ਛਾਪਣ ਵਾਲਾ ਆਪ ਦਾ ਮਿੱਤਰ ਗਿਆਨੀ ਨਾਹਰ ਸਿੰਘ ਭੀ ਆਪ ਦੀ 'ਝਟਕਾ ਮਾਸ ਪ੍ਰਥਾਇ' ਪੁਸਤਕ ਛਾਪਣ ਤੋਂ ਕੰਨੀ ਕਤਰਾਉਂਦਾ ਰਿਹਾ।


www.AKJ.Org

ਪਰ ਭਾਈ ਸਾਹਿਬ ਦੇ ਚਟਾਨ ਵਰਗੇ ਆਚਾਰ ਅਤੇ ਖੰਡੇ ਦੀ ਧਾਰ ਉਤੇ ਤੁਰਨ ਵਾਲੀ ਸਿੱਖੀ ਸਪਿਰਿਟ ਦੇ ਸਨਮੁਖ ਸਭ ਨੂੰ ਝੁਕਣਾ ਪਿਆ ਹੈ। ਅੰਮ੍ਰਿਤ ਵੇਲੇ ਉਠ ਕੇ ਸੁਕੇਸੀ ਇਸ਼ਨਾਨ ਕਰਨਾ, ਗੁਰਮੰਤਰ (ਨਾਮ) ਦਾ ਜਾਪ, ਸਿਮਰਨ ਰੂਪੀ ਸਿਫ਼ਤ-ਸਾਲਾਹ, ਸੁਆਸ ਸੁਆਸ ਨਾਮ ਦੀ ਅਰਾਧਨਾ, ਕਾਰ-ਵਿਹਾਰ ਵਿਚ ਸਚਾਈ, ਹਰ ਹਾਲਤ ਵਿਚ ਹੁਕਮ ਰਜਾਈ ਚਲਣਾ, ਸਰਬ ਲੋਹ ਦੀ ਵਰਤੋਂ, ਗੁਰਬਾਣੀ ਦੀ ਪਰਵਾਹ, ਅਖੰਡ ਪਾਠਾਂ ਦੀ ਅਟੁੱਟ ਲੜੀ, ਅਖੰਡ ਕੀਰਤਨ (ਰੈਣ ਸਬਾਈ) ਤੋਂ ਬਿਨਾਂ ਹੋਰ ਅਨੇਕ ਗੱਲਾਂ ਵਿਚ ਆਪ ਦੀ ਰਹਿਣੀ ਹੈਰਾਨ ਕਰਨ ਵਾਲੀ ਸੀ। ਕਈ ਇਸਤ੍ਰੀਆਂ ਨੂੰ ਦਸਤਾਰ (ਕੇਸਕੀ) ਸਜਾ ਕੇ ਆਪ ਨੇ ਗੁਆਚੀ ਸੂਰ-ਬੀਰਤਾ ਨੂੰ ਸੁਰਜੀਤ ਕਰਨ ਦਾ ਜਤਨ ਕੀਤਾ, ਪਰ ਫ਼ੈਸ਼ਨਾਂ ਦੇ ਹੜ੍ਹ ਵਿਚ ਰੁੜ੍ਹੀਆਂ ਜਾਂਦੀਆਂ ਮੁਟਿਆਰਾਂ ਜਿਨ੍ਹਾਂ ਦੀ ਨਜ਼ਾਕਤ ਸਿਰ ਉਤੇ ਦੁਪੱਟੇ ਦਾ ਭਾਰ ਨਹੀਂ ਝੱਲ ਸਕਦੀ, ਦਸਤਾਰਾਂ ਕਿਵੇਂ ਸੰਭਾਲ ਸਕਦੀਆਂ ਸਨ? ਸਿੱਖ ਨੌਜਵਾਨ ਵਿਚ ਭੀ ਦਿਨੋ ਦਿਨ ਰਹਿਤ ਬਹਿਤ ਘਟਦੀ ਜਾ ਰਹੀ ਹੈ। ਪੁਰਾਤਨ ਬਜ਼ੁਰਗ ਭੀ ਨਵੀਂ ਰੌਸ਼ਨੀ ਨਾਲ ਚਕਾਚੂੰਦ ਹੋਏ ਜਾਪਦੇ ਹਨ ਤੇ ਉਹ ਦਿਨ ਦੂਰ ਨਹੀਂ ਜਦੋਂ ਭਾਈ ਰਣਧੀਰ ਸਿੰਘ ਵਰਗੇ 'ਗੁਰਮਤਿ ਬਿਬੇਕੀਆਂ ਦੀਆਂ ਸਿੱਖੀ ਸਿਦਕ ਅਤੇ ਰਹਿਤ ਨਾਮਿਆਂ ਨਾਲ ਸ਼ਿੰਗਾਰੀਆਂ ਬਾਤਾਂ ਸੁਣ ਕੇ, ਆਉਣ ਵਾਲੀਆਂ ਪੁਸ਼ਤਾਂ ਮੂੰਹ ਵਿਚ ਉਂਗਲਾਂ ਪਾ ਕੇ ਸੋਚਿਆ ਕਰਨਗੀਆਂ, ਕੀ ਐਟਮ ਦੇ ਯੁੱਗ ਵਿਚ ਇਹੋ ਜਿਹੇ ਸਿਦਕੀ ਜੀਊੜੇ ਹੋ ਸਕਦੇ ਹਨ? ਭਾਈ ਸਾਹਿਬ Legendary Figure ਬਣ ਚੁਕੇ ਹਨ।

ਸਿੱਖ ਧਰਮ ਵਿਚ 'ਅੰਮ੍ਰਿਤ ਛਕਣ' ਦੀ ਬਹੁਤ ਮਹਾਨਤਾ ਹੈ। ਪਰ ਆਧੁਨਿਕ ਯੁੱਗ ਦੇ ਸਿੱਖ ਲੀਡਰਾਂ ਅਤੇ ਧਰਮ ਪ੍ਰਚਾਰਕਾਂ: ਦੇ ਨਿੱਜੀ ਜੀਵਨ ਵਿਚ ਇਲਮ ਅਤੇ ਅਮਲ ਵਿਚ ਪਰਸਪਰ ਵਿਰੋਧ ਵੇਖ ਕੇ ਸਿੱਖ-ਨੌਜਵਾਨਾਂ ਦੇ ਮਨ ਵਿਚ ਧਾਰਮਕ ਰਹੁਰੀਤ ਵਲੋਂ ਉਪਰਾਮਤਾ ਵਧ ਰਹੀ ਹੈ। ਉਹ ਨਾ ਕਕਾਰ-ਫ਼ਿਲਾਸਫੀ ਦੇ ਮਹੱਤਵ ਨੂੰ ਸਮਝ ਸਕਦੇ ਹਨ ਨਾ ਹੀ ਅੰਮ੍ਰਿਤ ਦੀ ਮਹਾਨਤਾ ਨੂੰ। ਭਾਈ ਰਣਧੀਰ ਸਿੰਘ ਦੀਆਂ ਹੇਠ ਲਿਖੀਆਂ ਸਤਰਾਂ ਸ਼ਾਇਦ ਨੌਜਵਾਨਾਂ ਦੀ ਸਹਾਇਤਾ ਕਰ ਸਕਣ, ਕਿਉਂਕਿ ਇਹ ਸਤਰਾਂ ਭਾਈ ਸਾਹਿਬ ਦੀ ਰੂਹ ਦਾ ਪਰਕਾਸ਼ ਹਨ:-

(ੳ) ਇਸ ਵਿਚ ਰੰਚਕ ਸੰਦੇਹ ਨਹੀਂ, ਕਿ ਜਿਨ੍ਹਾਂ ਵਡਭਾਗੇ ਜਨਾਂ ਨੂੰ ਅੰਮ੍ਰਿਤ ਛਕਣ ਸਾਰ ਹੀ ਅੰਮ੍ਰਿਤ ਨਾਮ ਦੀ ਅਮਰਕਲਾ, ਪੂਰਨ ਪਾਰਸ ਕਲਾ ਪਦਵੀ ਪ੍ਰਾਪਤ ਹੋ ਗਈ ਹੈ, ਉਸ ਦੇ ਜਨਮ ਮਰਨ ਆਵਾਗਵਨ ਦਾ ਸਿਲਸਿਲਾ ਤਾਂ ਓਥੇ ਹੀ ਮੁੱਕ ਗਿਆ, ਪ੍ਰੰਤੂ ਅੰਮ੍ਰਿਤ ਨਾਮ ਦੀ ਝਰਨਾਟ ਜਿਹੜੀ ਪਰਭਾਵੀ ਪਾਰਸ ਕਲਾ ਦੁਆਰਾ ਇਕ ਵਾਰੀ ਛਿੜ ਪਈ ਹੈ, ਉਹ ਸਦਾ ਛਿੜੀ ਰਹੇਗੀ।

(ਅ) ਅੰਮ੍ਰਿਤ ਦੀ ਮਹੱਤਤਾ ਮਹਾਨਤਾ ਪਾਕ ਪਵਿਤਰ ਅਤੇ ਪਾਰਸ ਰਸਾਇਣੀ ਕਲਾ ਵਾਲੀ ਹੈ ਕਿ ਅੰਮ੍ਰਿਤ ਛਕਣ-ਸਾਰ ਹੀ ਜਨਮ-ਜਨਮਾਂਤਰੀ ਕਮਾਤੇ ਪਾਪ ਇਕ ਦੰਮ ਸਾਰੇ ਦਘਧ ਹੋ ਜਾਂਦੇ ਹਨ ਅਤੇ ਸਚਮੁੱਚ ਹੀ ਅੰਮ੍ਰਿਤ ਛਕਣ-ਹਾਰੇ ਸਿੱਖ ਦਾ ਜਨਮ ਹੁੰਦਾ ਹੈ।

ਅੰਮ੍ਰਿਤ ਛਕਣ ਸਮੇਂ ਹੀ ਅੰਮ੍ਰਿਤ-ਅਭਿਲਾਖੀ ਨੂੰ ਵਾਹਿਗੁਰੂ ਨਾਮ ਰੂਪੀ ਗੁਰਮੰਤਰ ਪਰਾਪਤ ਹੁੰਦਾ ਹੈ। ਇਹ ਗੁਰਮੰਤਰ ਜੋ ਗੁਰਸਿਖ ਨੂੰ ਗੁਰਮਤਿ ਵਿਧੀ ਅਨੁਸਾਰ ਪਰਾਪਤ ਨਾ ਹੋਵੇ, ਤਾਂ ਪਾਰਸ-ਕਲਾ ਨਹੀਂ ਵਾਪਰਦੀ। ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਦੀ ਆਤਮਕ ਸ਼ਕਤੀ ਅਤੇ ਅੰਮ੍ਰਿਤ ਅਭਿਲਾਖੀ ਦੇ ਮਨ ਵਿਚ ਅੰਮ੍ਰਿਤ ਦਾ ਚਾਅ, ਇਹ ਦੁਵੱਲੀ-ਖਿਚ ਨਾਮ ਦੀ ਪ੍ਰਾਪਤੀ ਬਾਰੇ ਕਰਾਮਾਤੀ-ਪ੍ਰਭਾਵ ਪਾਉਂਦੀ ਹੈ। ਜਿਹੜਾ ਮਨ ਤਪ ਕੇ ਅਹਿਰਣ ਉਤੇ ਆ ਢੱਠੇ, ਲੋਹਾਰ ਦੀ ਇਕ ਸੱਟ ਉਸ ਨੂੰ ਜਿੱਧਰ ਚਾਹੇ ਮੋੜ ਲੈਂਦੀ ਹੈ, ਪਰ ਜਿਸ ਭੱਠੀ ਦਾ ਸੇਕ ਨਹੀਂ ਝੱਲਿਆ, ਉਸ ਨੂੰ ਬਦਲਣ ਲੱਗਿਆਂ ਦੇਰ ਲਗਦੀ ਹੈ। ਪਤਿਤੋਂ ਪਵਿੱਤਰ ਹੋਏ ਲਈ ਭੀ ਜਰੂਰੀ ਹੈ ਕਿ ਪਵਿੱਤਰ ਕਰਨ ਵਾਲੇ ਪਾਰਸ ਨੂੰ ਇਕ ਖਿਨ ਨਾ ਭੁੱਲੇ:-

(ੲ) ਅੰਮ੍ਰਿਤ ਛਕ ਕੇ ਪਤਿਤੋਂ ਪਵਿੱਤਰ ਹੋਏ ਪੁਰਸ਼ ਲਈ ਪਰਮ ਜ਼ਰੂਰੀ ਹੈ ਕਿ ਉਸ ਦੇ ਅੰਤਰਿ-ਆਤਮੇ ਉਸ ਨੂੰ ਪਵਿੱਤਰਤਾ ਵਿਚਿ ਸਦਾ ਸੁਰਜੀਤ ਰੱਖਣ ਵਾਲੀ ਅੰਮ੍ਰਿਤ-ਕਣੀ ਹਰ ਦੰਮ ਸਚਰਦੀ ਰਹੇ। ਇਹ ਅੰਮ੍ਰਿਤ-ਕਣੀ ਨਾਮ ਦੀ ਹੈ।

(ਸ) ਆਮ ਤੌਰ ਪਰ ਬੀਜ ਸਿੱਟਣ ਤੋਂ ਪਹਿਲਾਂ ਧਰਤੀ ਨੂੰ ਕਮਾਇਆ ਜਾਂਦਾ ਅਤੇ ਬੀਜ ਪਸਚਾਤ ਭੀ ਅਨਿਕ ਪਰਕਾਰ ਦੀ ਅਟੁੱਟ ਕਮਾਈ ਕੀਤੀ ਜਾਂਦੀ ਹੈ ਤਦ ਜਾ ਕੇ ਉਹ ਬੀਜ ਫਲੀ-ਭੂਤ ਹੁੰਦਾ ਹੈ। ਪਹਿਲੀ ਹਾਲਤ



www.AKJ.Org

ਵਿੱਚ ਤਾਂ ਸੁਤੇ ਕਮਾਈ ਆਪ-ਮੁਹਾਰੀ ਹੁੰਦੀ ਹੈ ਅਤੇ ਇਸ ਦੂਤੀ ਆਮ ਹਾਲਤ ਅੰਦਰ ਮਥ ਕੇ ਉਦਮ ਧਾਰ ਕੇ ਇਸ ਕਮਾਈ ਨੂੰ ਜੁੱਟਣਾ ਪੈਂਦਾ ਹੈ, ਓਦੋਂ ਤੀਕ ਜਦ ਤੀਕ ਕਿ 'ਪ੍ਰਗਾਸ ਭਇਆ ਕਉਲ ਖਿਲਿਆ' ਵਾਲੀ ਖੇਲ ਨਹੀਂ ਵਾਪਾਰ ਜਾਂਦੀ।

ਭਾਈ ਸਾਹਿਬ ਦੇ ਅੰਮ੍ਰਿਤ-ਪ੍ਰਚਾਰ ਜਥੇ ਰਾਹੀਂ ਗੁਰਸਿਖਾਂ ਨੇ ਅੰਮ੍ਰਿਤ ਛਕਿਆ ਹੈ। ਉਹਨਾਂ ਵਿਚੋਂ ਕੁਝ-ਇਕ ਦੇ ਦਰਸ਼ਨ ਕਰਨ ਦਾ ਮੌਕਾ ਮੈਨੂੰ ਭੀ ਮਿਲਿਆ ਹੈ। ਬੇਸ਼ਕ ਭਾਈ ਸਾਹਿਬ ਵਰਗੀ ਲਟ ਲਟ ਕਰਦੀ ਜੋਤ ਨਜ਼ਰ ਨਹੀਂ ਆਉਂਦੀ, ਫੇਰ ਭੀ ਕੋਈ ਚਿਣਗ ਕਈ ਹਿਰਦਿਆਂ ਵਿਚ ਮਘਦੀ ਜ਼ਰੂਰ ਜਾਪਦੀ ਹੈ, ਜਿਸ ਚਿਣਗ ਨਾਲ ਪ੍ਰਜੰਵਲਤ ਹੋਏ ਉਹ ਕਈ ਸਤਿਸੰਗੀ ਕਵੀ ਬਣ ਜਾਂਦੇ ਹਨ। ਇਕ ਸਜੱਣ ਨੇ ਦੱਸਿਆਂ, "ਭਾਈ ਸਾਹਿਬ ਇਕੋ ਚੌਕੜੇ ਅਖੰਡ ਪਾਠ ਸੁਣਦੇ ਰਹੇ......ਦੋ ਦਿਨ ਲਗਾਤਾਰ ਕੀਰਤਨ ਕਰਦੇ ਰਹੇ.......ਸੁਰ ਉਚੀ ਹੁੰਦੀ ਸੀ, ਫੇਰ ਹੋਰ ਉਚੀ ਤੇ ਫੇਰ ਹੋਰ ਉਚੀ ਉਚੀ.....।' ਭਾਈ ਸਾਹਿਬ ਦੇ ਨੈਣਾਂ ਵਿਚ ਮਿਕਨਾਤੀਸੀ ਖਿੱਚ ਸੀ, ਇਕ-ਰਸ ਨਾਮ ਦੀ ਬਖ਼ਸ਼ਿਸ਼ ਸੀ। ਇਸੇ ਨਾਮ ਸਦਕਾ ਆਪ ਗੁਰਮਤਿ ਨੂੰ ਜੀਵਨ ਵਿਚ ਧਾਰਨ ਕਰ ਸਕੇ ਤੇ ਗੁਰਮਤਿ ਜੀਵਨ ਵਿਚ ਧਾਰਨ ਕਰ ਕੇ ਆਪ ਨੂੰ 'ਬਿਬੇਕ' ਪਰਾਪਤ ਹੋਇਆ। ਇਹੋ ਬਿਬੇਕ ਸਚਾ ਗਿਆਨ ਹੈ। ਬਿਬੇਕ ਬਾਰੇ ਆਪ ਦਾ ਵਿਸ਼ਵਾਸ ਹੈ 'ਬਿਬੇਕ ਦਾ ਸਾਧਾਰਨ ਅਰਥ ਤਾਂ ਵਿਵੇਕ ਜਾਂ ਵਿਚਾਰ ਪ੍ਰੰਤੂ ਗੁਰਮਤਿ ਅੰਦਰ ਇਸ ਬਿਬੇਕ ਤੋਂ ਭਾਵ ਨਿਰਾ ਸਚ ਵਿਚਾਰ ਦਾ ਨਹੀਂ........(ਗੁਰਬਾਣੀ ਅਨੁਸਾਰ)..... ਸਤਿਗੁਰ ਦੇ ਬਚਨਾਂ ਦਾ ਕਮਾਵਨਾ ਹੈ, ਇਹ ਹੀ ਸਚਾ ਵੀਚਾਰ (ਵਿਵੇਕੀ) ਹੈ।

ਸਤਿਗੁਰ ਦੇ ਬਚਨਾਂ ਨੂੰ ਕਮਾ ਕੇ ਹੀ ਆਪ ਗੁਰਮਤਿ ਅਨੁਸਾਰ 'ਸਚ ਦਾ ਨਿਰਣਾ' ਕਰ ਸਕੇ ਅਤੇ ਤਿਮਰ ਅਗਿਆਨ ਤੋਂ ਉਚਿਆਂ ਹੋ ਕੇ ਸੱਚੇ ਗਿਆਨ ਦੇ 'ਉਜਿਆਹੇ' ਵਿਚ ਜਗਮਗ ਕਰ ਉਠੇ। ਵੇਦਾਂ, ਸ਼ਾਸਤਰਾਂ ਅਤੇ ਸਿਮਰਤੀਆਂ ਦੇ ਵਰਕੇ ਫੋਲ ਫੋਲ ਸੱਚ ਨੂੰ ਢੂੰਢਣ ਵਾਲੇ ਫ਼ਿਲਾਸਫਰਾਂ ਨੂੰ ਆਪ ਨੇ ਦਸਿਆ ਕਿ ਸੱਚ ਦੀ ਖੋਜ ਦਾ ਅਸਲ ਟਿਕਾਣਾ ਮਨ ਹੈ। ਪਰ ਮਨ ਵਿਚੋਂ ਭੀ ਸੱਚ ਦੀ ਖੋਜ ਉਹੀ ਕਰ ਸਕਦਾ ਹੈ, ਜਿਸ ਪਾਸੋਂ ਆਪ ਸਤਿ-ਸਰੂਪ ਨਿਰੰਕਾਰ ਕਰਾਏ:-

ਜਿਸ ਦੇ ਘਟ ਅੰਦਰਿ ਸੱਚਾ ਵਾਹਿਗੁਰੂ ਆਪਣੇ ਸੱਚੇ ਜੋਤਿ-ਪ੍ਰਕਾਸ਼ੀ-ਸਰੂਪ ਵਿਚ ਪਰਗਟ ਹੋ ਗਿਆ ਹੈ, ਉਹ ਘਟ ਅੰਦਰ ਤੋਂ ਬਾਹਰ ਭੀ ਸਾਰੇ ਪਰਕਾਸ਼ ਨੂੰ ਹੀ ਸਰਬੱਤ੍ਰ ਰਵਿਆ ਵੇਖਦਾ ਹੈ। ਨਿਤ ਤਤ-ਆਤਮੀ ਜੋਤਿ ਜਗਨਾਸ਼ਮੀ ਸਰੂਪ ਵਿਚ ਸਚੋ ਹੀ ਸਚੁ ਉਸ ਨੂੰ ਨਜ਼ਰ ਆਉਂਦਾ ਹੈ। ਇਸ ਦਾ ਨਾਉਂ ਹੈ ਸਚੁ ਲਖਤਾ ਸਚੜੇ ਅਰਥਾਂ ਵਿਚ। (Realization of truth) ਇਸ ਦਾ ਨਾਉਂ ਹੈ।

ਜਿਨ੍ਹਾਂ ਗੁਰਮੁਖ ਜਨਾਂ ਨੇ ਸਚੁ ਨਾਮ ਆਰਾਧ ਕੇ, ਨਾਮ ਰੂਪੀ ਸਚ ਆਰਾਧ ਕੇ ਸਚਾ ਸਿਰ ਸਚੁ ਵਾਹਿਗੁਰੂ ਰੂਪੀ 'ਸਚੁ' ਨੂੰ ਢੂੰਡਿਆ (ਟੋਲਿਆ) ਤਿਨ੍ਹਾ ਨੇ ਨਿਜ ਘਟ ਅੰਦਰੋਂ ਹੀ ਇਸ ਤਤੁ ਸਚੁ ਵਾਹਿਗੁਰੂ ਨੂੰ ਲਭ ਲਿਆ ਹੈ। ਭਾਈ ਸਾਹਿਬ ਉਤੇ 'ਸਚਾਂ ਸਿਰ ਸਚ' ਦੀ ਅਪਾਰ ਕਿਰਪਾ ਹੋਈ ਹੈ ਤੇ ਉਸ ਕਿਰਪਾ ਸਦਕਾ ਉਹਨਾਂ ਨੇ ਸਚ ਦੇ ਪਾਂਧੀਆਂ ਨੂੰ ਮੰਜ਼ਿਲ ਦਾ ਰਾਹ ਵਿਖਾਇਆ ਹੈ।

'ਅਣਡਿਠੀ ਦੁਨੀਆਂ', ਸੱਚਖੰਡ ਦਰਸ਼ਨ' ਅਤੇ 'ਅਨਹਦ ਸ਼ਬਦ ਦਸਮ ਦੁਆਰ' ਆਦਿਕ ਪੁਸਤਕਾਂ ਰਾਹੀਂ ਆਪ ਨੇ ਲੋਕ ਅਤੇ ਪਰਲੋਕ ਨਾਲ ਸੰਬੰਧਤ ਕਈ ਜੀਵਨ-ਭੇਤਾਂ ਨੂੰ ਗੁਰਬਾਣੀ ਦੇ ਅਧਾਰ ਉਤੇ ਖੋਲ੍ਹਿਆ ਹੈ। ਮੌਤ ਤੋਂ ਪਿਛੋਂ ਦਾ ਜੀਵਨ ਅਕਾਲ, ਪੁਰਖ ਦੀ ਦਰਗਹ, ਧਰਮ ਰਾਇ ਦੀ ਕਚਹਿਰੀ, ਚਿਤਰਗੁਪਤ, ਪਾਪ-ਪੁੰਨ, ਨਰਕ ਸੁਰਗ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਵਰਗੇ ਅਨੇਕਾਂ ਵਿਸ਼ਿਆਂ ਬਾਰੇ ਆਪ ਨੇ ਸਰਲ ਅਤੇ ਸਪੱਸ਼ਟ ਸ਼ੈਲੀ ਰਾਹੀਂ ਵਿਚਾਰ ਪੇਸ਼ ਕੀਤੇ ਹਨ।

ਇਤਿਹਾਸਕ ਦ੍ਰਿਸ਼ਟੀ ਤੋਂ ਭਾਈ ਸਾਹਿਬ ਨੇ ਕਈ ਅਜਿਹੇ ਨੁਕਤੇ ਭੀ ਉਠਾਏ ਹਨ ਜਿਨ੍ਹਾਂ ਰਾਹੀਂ ਕਈ ਸਦੀਆਂ ਪੁਰਾਣੇ ਸਿਧਾਂਤ ਡੋਲ ਗਏ ਹਨ। ਇਹਨਾਂ ਨੁਕਤਿਆਂ ਨੂੰ ਬੇਸ਼ਕ ਅਸੀਂ ਅੰਤਮ ਨਿਰਣਾ ਨਹੀਂ ਆਖ ਸਕਦੇ, ਪਰ ਜਦ ਤਕ ਇਹਨਾਂ ਦੀ ਤਰਦੀਦ ਕਈ ਹੋਰ ਵਿਦਵਾਨ ਨਾ ਕਰੇ, ਇਹਨਾਂ ਦੀ ਮਹਾਨਤਾ ਬਣੀ ਰਹੇਗੀ।

(ੳ) ਸਿੱਖਾਂ ਦਾ ਪੰਜਵਾਂ ਕਕਾਰ, ਕੇਸਕੀ (ਦਸਤਾਰ) ਹੈ, ਨਾ ਕਿ ਕੇਸ।

(ਅ) ਸਿਖ ਯੁਵਤੀਆਂ ਦੇ **ਸੀਸ**, ਦਸਮ ਦੁਆਰੜੇ ਸਿਖਰ ਉਤੇ ਜਟਾਂ ਜੂੜਾ ਦਸਤਾਰ ਸੰਯੁਕਤ ਸਜਿਆਂ ਹੁੰਦਾ ਸੀ।



www.AKJ.Org

(ੲ) ਗੁਰਮਤਿ ਅਨੁਸਾਰ ਮਾਸ (ਝਟਕਾ) ਖਾਣਾ ਵਿਵਰਜਿਤ ਹੈ।

ਗੁਰਬਾਣੀ ਦੀ ਸ਼ੁਧ ਵਿਆਖਿਆ ਬਾਰੇ ਪਿੱਛੇ ਭੀ ਕੁਝ ਹਵਾਲੇ ਦਿੱਤੇ ਜਾ ਚੁੱਕੇ ਹਨ। 'ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ' ਨਾਮੀ ਪੁਸਤਕ ਵਿਚੋਂ ਹੇਠ ਲਿਖੀਆਂ ਤੁਕਾਂ ਬਾਰੇ ਭਾਸ਼ਾ ਅਤੇ ਭਾਵ ਦੋਹਾਂ ਪੱਖਾਂ ਤੋਂ ਮੌਲਕ ਖੋਜ ਕੀਤੀ ਗਈ ਹੈ:-

(ੳ) ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।।

(ਅ) ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।।

ਇਹਨਾਂ ਤੁਕਾਂ ਤੋਂ ਬਿਨਾਂ ਮਾਸ ਨਾਲ ਸੰਬੰਧਤ ਹੋਰ ਬੇਅੰਤ ਤੁਕਾਂ ਬਾਰੇ ਡੂੰਘੀ ਖੋਜ ਕੀਤੀ ਗਈ ਹੈ। 'ਝਟਕਾ' ਸ਼ਬਦ ਬਾਰੇ ਭਾਈ ਸਾਹਿਬ ਨੇ ਮਹਾਨ ਵਿਦਵਾਨ ਭਾਈ ਕਾਹਨ ਸਿੰਘ ਰਚਿਤ 'ਮਹਾਨ ਕੋਸ਼' ਉਤੇ ਆਲੋਚਨਾ ਕਰ ਕੇ 'ਝਟਕੇ' ਦੇ ਅਰਥਾਂ ਬਾਰੇ ਅਸੰਮਤੀ ਪਰਗਟ ਕਰਨ ਦੀ ਦਲੇਰੀ ਕੀਤੀ ਹੈ। 'ਸੁਣਿਐ' ਤੇ 'ਮੰਨ' ਦੀਆਂ ਪੌੜੀਆਂ ਬਾਰੇ ਭਾਈ ਸਾਹਿਬ ਦੀ ਵਿਆਖਿਆ ਗੁਰਬਾਣੀ ਦੇ ਖੋਜੀਆਂ ਨੂੰ ਸਦਾ ਰਾਹ ਵਿਖਾਉਂਦੀ ਰਹੇਗੀ। ਚਰਨ ਕੰਵਲ, ਅਨਹਤ ਸ਼ਬਦ ਅਤੇ ਦਸਮ ਦੁਆਰ ਵਰਗੀਆਂ ਆਤਮਕ-ਅਵਸਥਾਵਾਂ ਬਾਰੇ ਭੀ ਆਪ ਦਾ ਅਨੁਭਵ ਅਗਵਾਹੀ ਭਰਿਆ ਹੈ। ਆਪ ਦੀਆਂ ਸਭ ਪੁਸਤਕਾਂ ਦੀ ਵਿਚਾਰਧਾਰਾ ਗੁਰਬਾਣੀ ਦੇ ਅਣਗਿਣਤ ਪਰਮਾਣਾਂ ਨਾਲ ਸ਼ਿੰਗਾਰੀ ਹੋਈ ਹੈ। ਬੇਸ਼ਕ ਭਾਈ ਸਾਹਿਬ ਨੇ ਗੁਰਬਾਣੀ ਦਾ ਕੋਈ ਉਚੇਚਾ ਟੀਕਾ ਨਹੀਂ ਕੀਤਾ, ਪਰ ਦੋ ਦਰਜਨ ਪੁਸਤਕਾਂ ਰਾਹੀਂ ਇਤਨੀ ਕੁ ਬਾਣੀ ਦੀ ਵਿਆਖਿਆ ਸੁਤੇਸਿਧ ਹੋ ਗਈ ਹੈ, ਜਿਸ ਨੂੰ ਪੜ੍ਹ ਕੇ ਗੁਰਮਤਿ ਦਾ ਗਿਆਨ ਹੋ ਜਾਂਦਾ ਹੈ। ਗੁਰਬਾਣੀ ਦੀ ਭਰਪੂਰ ਵਿਆਖਿਆ ਆਕਾਰ ਦੇ ਪਖ ਤੋਂ ਆਦਿ ਬੀੜ ਦੇ ਕਈ ਸੌ ਪੰਨਿਆਂ ਦੀ ਵਿਆਖਿਆ ਹੋ ਚੁਕੀ ਹੈ। ਗੁਰਬਾਣੀ ਦੀ ਭਰਪੂਰ ਵਿਆਖਿਆ ਹੋ ਚੁਕੀ ਹੈ। ਗੁਰਬਾਣੀ ਦੀ ਵਿਆਖਿਆ ਬਾਰੇ ਹੇਠ ਲਿਖੀਆਂ ਪੁਸਤਕਾਂ ਨੂੰ ਵਿਸ਼ੇਸ਼ ਕਰ ਕੇ ਗਿਣਿਆ ਜਾ ਸਕਦਾ:- ਗੁਰਮਤਿ ਨਾਮ ਅਭਿਆਸ ਕਮਾਈ, ਚਰਨ ਕਮਲ ਦੀ ਮਉਜ, ਕਰਮ ਫ਼ਿਲਾਸਫ਼ੀ, ਗੁਰਮਤਿ ਬਿਬੇਕ, ਗੁਰਮਤਿ ਲੇਖ, ਅੰਮ੍ਰਿਤ ਕਲਾ, ਅਣਡਿੱਠੀ ਦੁਨੀਆ, ਗੁਰਮਤਿ ਸਚ ਨਿਰਣੇ, ਸੱਚ ਖੰਡ ਦਰਸ਼ਨ, ਆਦਿਕ। ਟੀਕਿਆਂ ਰਾਹੀਂ ਗੁਰਬਾਣੀ ਦੀ ਵਿਆਖਿਆ ਕਰਨੀ, ਕਠਨ ਨਹੀ ਹੁੰਦੀ, ਜਿਤਨੀ ਵਖੋ ਵੱਖ ਮਜ਼ਮੂਨਾਂ ਉਤੇ ਸੰਬੰਧਤ ਤੁਕਾਂ ਨੂੰ ਚੁਣ ਕੇ ਪਰਮਾਣਾਂ ਦੇ ਪਰਮਾਣ ਦੇ ਪੁਰਮਾਣ ਇਸ ਤਰ੍ਹਾਂ ਦਿੰਦੇ ਤੁਰੇ ਜਾਣਾ ਕਿ ਸਾਰੇ ਸੁਆਲ ਇਕ ਇਕ ਕਰ ਕੇ ਆਪੇ ਹਲ ਹੁੰਦੇ ਜਾਣ, ਸ਼ੰਕੇ ਮਿਟਦੇ ਜਾਣ, ਭਰਮ ਟੁਟਦੇ ਜਾਣ।

ਜਿਥੋਂ ਤਕ ਭਾਸ਼ਾ ਵਿਗਿਆਨ ਅਤੇ ਗੁਰਬਾਣੀ ਵਿਆਕਰਣ ਦਾ ਸਬੰਧ ਹੈ ਇਸ ਦੇ ਹਵਾਲੇ ਭਾਈ ਸਾਹਿਬ ਦੀਆਂ ਲਿਖਤਾਂ ਵਿਚੋਂ ਕਈ ਥਾਈਂ ਮਿਲਦੇ ਹਨ। ਸੋ ਆਧੁਨਿਕ ਯੁੱਗ ਵਿਚ ਭਾਈ ਸਾਹਿਬ ਰਣਧੀਰ ਸਿੰਘ ਨੂੰ ਗੁਰਮਤਿ ਦਾ ਗਿਆਤਾ ਅਤੇ ਗੁਰਬਾਣੀ ਦਾ ਮਹਾਨ ਵਿਆਖਿਆਤਾ ਆਖਣ ਵਿਚ ਕੋਈ ਅਤਿਕਥਨੀ ਨਹੀਂ। ਭਾਈ ਸਾਹਿਬ ਦਾ ਜੀਵਨ ਗੁਰਮਤਿ ਨਾਲ ਇਕਮਿਕ ਸੀ। ਆਪ ਦੀ ਆਤਮਾ ਗੁਰਬਾਣੀ ਨਾਲ ਹਲੂਲ ਸੀ। ਸੁਰਤਿ, ਸ਼ਬਦ ਨਾਲ ਇਰ ਸੁਰ ਸੀ ਤੇ ਆਪ ਦੇ ਮਨ-ਰੂਪੀ ਸਾਜ਼ ਉਤੇ ਸਦਾ ਨਾਮ ਦੀ ਧੁਨ ਛਿੜੀ ਰਹਿੰਦੀ ਸੀ। ਸੋ ਆਪ ਨੇ ਗੁਰਮਤਿ ਬਾਰੇ ਜੋ ਕੁਝ ਭੀ ਲਿਖਿਆ, ਉਹ ਇਤਿਹਾਸਕ ਸੱਚ ਹੈ ਤੇ ਆਪ ਦੀ ਗੁਰਬਾਣੀ ਬਾਰੇ ਜੋ ਕੁਝ ਭੀ ਆਖਿਆ, ਉਹ ਅਧਿਆਤਮਕ ਸੱਚ ਹੈ। ਆਪ ਵਰਗੇ ਦੇਸ਼-ਭਗਤ, ਆਤਮਕ ਖੋਜੀ, ਨਾਮ ਦੇ ਰਸੀਏ, ਧੁਰੰਤਰ ਵਿਦਵਾਨ ਅਤੇ ਸਭ ਤੋਂ ਉਪਰ ਪੂਰਨ ਗੁਰਸਿੱਖ ਉਤੇ ਦੇਸ਼ ਨੂੰ ਮਾਣ ਹੈ। ਆਪ ਦੇ ਵਾਰਤਕ ਪੰਜਾਬੀ-ਸਾਹਿਤ ਦਾ ਸਰਮਾਇਆ ਹੈ।

• • • • • •

ਸੁਰਾ ਪੱਤਰ ਨੂੰ ਇੰਟਰਨੈਟ ਤੇ ਦੇਖਣ ਦੇ ਚਾਹਵਾਨ ਪ੍ਰੇਮੀ ਹੇਠ ਲਿਖੀ **Internet-Websight** ਲਗਾ ਕੇ ਦੇਖ ਸਕਦੇ ਹਨ।

**W W W. SURA- INTERNATIONAL. COM.**



www.AKJ.Org

# ਸਾਬਤ ਸੂਰਤਿ ਦਸਤਾਰ ਸਿਰਾ

(ਨਰਿੰਦਰ ਕੌਰ ਫੇਰੋਚੇਚੀ ਗੁਰਦਾਸਪੁਰ)

ਕੇਸਕੀ ਹੈ ਪੰਜਵਾਂ ਕਕਾਰ, ਮੁੱਲ ਕੋਈ ਪਾ ਸਕਦਾ ਨਹੀਂ।
ਕੇਸਾਂ ਦੀ ਸੰਭਾਲ ਰਹਿੰਦੀ, ਘੱਟਾ ਮਿੱਟੀ ਸਿਰ ਪੈ ਸਕਦਾ ਨਹੀਂ।
ਕੇਸ ਨੇ ਰੱਬੀ ਦਾਤ ਮਿਲੇ ਹਰ ਇਕ ਨੂੰ, ਇਹ ਪੰਜਾਂ ਕਕਾਰਾ ਚ ਸ਼ਾਮਲ ਹੋ ਸਕਦੇ ਨਹੀਂ।
ਕੜਾ ਦਿੱਤਾ ਸ਼ੁਭ ਕੰਸ ਕਰਨ ਲਈ, ਕਛਹਿਰਾ ਦਿੱਤਾ ਜਤ ਸਤ ਰੱਖਣ ਲਈ।
ਕੰਘਾ ਦਿੱਤਾ ਕੇਸਾ ਦੀ ਸੰਭਾਲ ਲਈ। ਕ੍ਰਿਪਾਨ ਦਿੱਤੀ ਰੱਖਿਆ ਵਾਸਤੇ।
ਕੇਸਾਂ ਨੂੰ ਢੱਕਣ ਲਈ ਦਸਤਾਰ ਦਿੱਤੀ। ਕੀਮਤ ਕੋਈ ਲੁਕਾਈ ਜਾ ਸਕਦੀ ਨਹੀ।
ਕੇਸ ਨੇ ਗੁਰੂ ਜੀ ਦੀ ਮੋਹਰ, ਕੇਸ ਕਤਲ ਕਰਵਾਉਣ ਵਾਲੇ। ਸਿੰਘ ਕਦੇ ਵੀ ਸਜ ਸਕਦੇ ਨਹੀਂ।
"ਸਾਬਤਿ ਸੂਰਤਿ ਦਸਤਾਰ ਸਿਰਾਂ" ਹੁਕਮ ਹੈ ਗੁਰੂ ਜੀ ਦਾ, ਗੁਰਸਿੱਖ ਸਿਰ ਟੋਪੀ ਪਾ ਸਕਦੇ ਨਹੀਂ।
ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ॥ ਹੁਕਮ ਇਹ ਹੈ ਗੁਰੂ ਜੀ ਦਾ।
ਗੁਰੂ ਜੀ ਨੂੰ ਪਿਆਰ ਕਰਨ ਵਾਲੇ, ਕਦੇ ਵੀ ਭੁੱਲ, ਸਕਦੇ ਨਹੀਂ।
ਕੰਨ ਨੱਕ ਛੇਦਣਾ ਲਾਉਣਾ ਇਹ ਸ਼ਿੰਗਾਰ, ਨਾਲੇ ਅੰਮ੍ਰਿਤ ਪਾਨ ਕਰਨਾ,ਭਾਉਂਦੀ ਨਾ ਇਹ ਕਾਰ ।
ਗੁਰੂ ਜੀ ਤੋਂ ਬੇਮੁੱਖ ਹੋਣਾ, ਪਾਉਣਾ ਫੈਸ਼ਨਾਂ ਨਾਲ ਪਿਆਰ।
ਕੇਸਕੀ ਨਾਲ ਨਾ ਫੈਸ਼ਨ ਹੋਵੇ, ਬਹਾਨਾ ਮਾਰ ਕੇ ਕਹਿਣਾ, ਕੇਸਕੀ ਨਹੀਂ ਪੰਜਵਾਂ ਕਕਾਰ।
ਮਾਰੋ ਝਾਤੀ ਆਪਣੇ ਅੰਦਰ। ਕੇਸਕੀ ਹੈ ਜਾਂ ਕੇਸ ਪੰਜਵਾਂ ਕਕਾਰ।
ਸਾਬਤਿ ਸੂਰਤਿ ਦਸਤਾਰ ਸਿਰਾ ਇਹੋ ਵਧੀਆ ਸ਼ਿੰਗਾਰ।
ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ। ਜਾਤ ਪਾਤ ਦਾ ਭੇਦ ਮਿਟਾਇਆ ਸੀ।
ਸਾਬਤਿ ਸੂਰਤਿ ਦਸਤਾਰ ਸਿਰਾ। ਸਭ ਲਈ ਸਾਂਝਾ ਹੁਕਮ ਫਰਮਾਇਆ ਸੀ।
ਪ੍ਰਚੀਨ ਮਾਵਾਂ ਬੀਬੀਆਂ ਭੈਣਾਂ ਸਾਡੀਆਂ, ਮਾਤਾ ਭਾਗ ਕੌਰ ਜੀ, ਬੀਬੀ ਸਰਨ ਕੌਰ ਜੀ।
ਮਾਤਾ ਕਿਸਨ ਕੌਰ ਜੀ, ਬੀਬੀ ਬਘੇਲ ਕੌਰ ਕੇਸਕੀ ਨੂੰ ਸਜਾਇਆ ਸੀ।
ਭਰਾਵਾਂ ਨਾਲ ਡਾਹ ਕੇ ਮੋਢਾ, ਪੂਰਾ ਯੋਗਦਾਨ ਉਨਾਂ ਪਾਇਆ ਸੀ।
ਜੰਗ ਯੁੱਧ ਕਰਦੀਆਂ ਕੇ, ਚੁੰਨੀਆ ਸੰਭਾਲਦੀਆਂ, ਉਨਾਂ ਕੇਸਕੀ ਨੂੰ ਸਜਾਇਆ ਸੀ।
ਸੱਚ ਲਿਖਣ ਤੋ ਨਾ ਝਿਜਕਾਂ, ਕੇਸਕੀ ਕਕਾਰ ਅਪਣਾਇਆ ਸੀ।
ਸਾਬਤਿ ਸੂਰਤਿ ਦਸਤਾਰ ਸਿਰਾ, ਇਹ ਹੁਕਮ ਕਮਾਇਆ ਸੀ।

---

## ਗੁਰਮੰਤ੍ਰ ਅਤੇ ਗੁਰਬਾਣੀ

*ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੁਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਗੁਰਬਾਣੀ ਖ਼ੁਦ ਭੀ ਗੁਰ-ਸ਼ਬਦ ਰੂਪ ਹੈ। ਹਰ ਇਕ ਗੁਰ-ਸ਼ਬਦ ਭੀ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ। (ਭਾ: ਸਾ: ਭਾ: ਰਣਧੀਰ ਸਿੰਘ ਜੀ)*



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

## ੧੫- ਆਨਮਤਿ ਕਰਮ ਨਿਰਣੇ (ਲੜੀ ਜੋੜਨ ਲਈ ਦੇਖੋ ਸੂਰਾ ਜੁਲਾਈ ੯੮)

ਆਨਮਤੀ ਲੋਗ ਆਨਮਤਾਂ ਦੇ ਨੇਮਾਂ ਸਾਧਿਕ ਸਿਧ ਸੁਰ ਨਰ ਮੁਨਿ ਜਨ ਬਥੇਰੇ ਕਰਮਾਂ ਧਰਮਾਂ ਵਿਚ ਪਰਵਿਰਤ ਹੁੰਦੇ ਹਨ ਪਰ ਆਪਣਾ ਜਨਮ ਅਜਾਂਈ ਗੰਵਾ ਲੈਂਦੇ ਹਨ। ਅਨੇਕਾਂ ਆਨਮਤ ਕਰਮ ਕਰੰਦਿਆਂ ਨੂੰ ਮਾਇਆ ਮਲੋਮਲੀ ਆ ਚਿਮੜਦੀ ਹੈ। ਇਸ ਚਮੇੜ ਤੋਂ ਉਹ ਇਹਨਾਂ ਕਰਮਾਂ ਦੁਆਰਾ ਛੁਟਕਾਰਾ ਨਹੀਂ ਪਾ ਸਕਦੇ ਜਿਵੇਂ ਕਿ ਗੁਰਵਾਕ ਹੈ:-

"ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥ ਜਿਨਿ ਸੁਖਿ ਬੈਠਾਲੀ ਤਿਸ ਭਉ ਬਹੁਤੁ ਦਿਖਾਇਆ॥ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ ਗੁਰਪਰਸਾਦੇ॥੧॥ ਐਸਾ ਦੇਖਿ ਬਿਮੋਹਿਤ ਹੋਏ॥ ਸਾਧਿਕ ਸਿਧ ਸੁਰ ਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥ਰਹਾਉ॥ ਇਕ ਫਿਰਹਿ ਉਦਾਸੀ ਤਿਨ ਕਾਮਿ ਵਿਆਪੈ॥ ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ॥ ਇਕਿ ਸਤੀ ਕਹਾਵਹਿ ਤਿਨ ਬਹੁਤੁ ਕਲਪਾਵੈ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥੨॥ ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥ ਤ੍ਰੈਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥੩॥ ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜ ਸੇਵਾ ਕਰੇ ਅਰਦਾਸਿ॥ ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖਿ ਨੇੜਿ ਨ ਆਵਾ॥੪॥੧॥

(ਰਾਗ ਆਸਾ ਮ:੫)

ਵਿਆਖਿਆ:- ਜਿਸ ਪ੍ਰਾਨੀ ਨੇ ਮਾਇਆ ਨਾਲਿ ਮੋਹ ਪਾਇਆ ਹੈ ਮੋਹ ਮਮਤਾ ਮਈ ਪ੍ਰੀਤ ਲਾਈ ਹੈ, ਉਸ ਨੂੰ ਇਹ ਡਾਇਣ ਮਾਇਆ ਖਾ ਜਾਂਦੀ ਹੈ। ਜਿਸ ਕਿਸੇ ਨੇ ਇਸਨੂੰ ਆਦਰ ਦਿਤਾ ਹੈ ਉਸਨੂੰ ਇਸ ਨੇ ਉਲਟਾ ਬਹੁਤ ਭੈਜਲ ਦਿਖਾਇਆ ਹੈ। ਸਕਿਆਂ ਤੋਂ ਸਕੇ ਭਾਈ, ਪ੍ਰਸਪਰ ਮਿਤ੍ਰਚਾਰੀ ਰਖਣ ਵਾਲੇ ਮਿਤਰ ਸਜਨ ਅਤੇ ਕੁਟੰਬਾਂ ਦੇ ਜੀਵ (ਪਰਵਾਰਾਂ ਦੇ ਪਰਵਾਰ) ਮਾਇਆ ਕਾਰਨ ਲੜਿ ਲੜਿ ਅਤੇ ਖਹਿ ਖਹਿ ਮਰਦੇ ਹਨ। ਗੁਰੂ ਦੀ ਕਿਰਪਾ ਨਾਲਿ ਗੁਰਮੁਖਾਂ ਦੇ ਇਹ ਮਾਇਆ ਸਦਾ ਵਸਿ ਗਤਿ ਅਧੀਨ ਹੀ ਰਹਿੰਦੀ ਹੈ। ਪੋਹੰਦੀ ਨਹੀਂ। ਹੋਰ ਸਭਨਾਂ ਨੂੰ ਪੋਹ ਮੋਹ ਲੈਂਦੀ ਹੈ ਚਾਹੇ ਕਿਤਨੇ ਹੀ ਆਨਮਤ ਕਰਮਾਂ ਦੇ ਕਰਨਹਾਰੇ ਹੋਣ। ਕੇਵਲ ਗੁਰਮੁਖਾਂ ਨੇ ਹੀ ਏਸ ਉਤੇ ਆਪਣਾ ਸਵੀਕਾਰ ਪਾਇਆ ਹੈ। ਮਾਇਆ ਦਾ ਐਸਾ ਪ੍ਰਭਾਵ ਹੈ ਕਿ ਇਸ ਨੂੰ ਦੇਖ ਕੇ ਗੁਰਮੁਖਾਂ ਤੋਂ ਬਿਨਾਂ ਸਭੇ ਹੀ ਅਨਮਤਿ ਕਰਮਚਾਰੀ ਬਿਲਕੁਲ ਮੋਹੇ ਜਾਂਦੇ ਹਨ। ਕਰੜੀਆਂ ਸਾਧਨਾਂ ਵਾਲੇ ਸਿਧ ਦੇਵਤੇ ਅਤੇ ਮਨੁਖ ਇਸ ਠੱਗਣੀ ਨੇ ਸਭ ਠਗ ਲਏ ਹਨ। ਬਚੇ ਹਨ ਤਾਂ ਗੁਰੂ ਘਰ ਦੇ ਗੁਰਮੁਖਿ ਸਾਧੂ ਜਨ ਹੀ ਨਾਮ ਦੇ ਪਰਤਾਪਿ ਕਰਿ ਬਚੇ ਹਨ ਅਗਿਣਤ ਐਸੇ ਲੋਗ ਹਨ ਜੋ ਗ੍ਰਿਸਤ ਤੋਂ ਉਪਰਾਮ ਹੋ ਕੇ ਉਦਾਸੀ ਭੇਖ ਧਾਰਨ ਕਰ ਕੇ ਅਤੇ ਸੰਨਿਆਸੀ ਬਣ ਕੇ ਬਣਾਂ ਵਿਚਿ ਜਾ ਬਿਚਰਦੇ ਹਨ, ਤਿਨਾਂ ਨੂੰ ਭੀ ਮਾਇਆ ਦੀ ਕਾਮਨਾ ਜਾ ਵਿਆਪਦੀ ਹੈ। ਜੇਹੜੇ ਗ੍ਰਿਸਤੀ ਬਣ ਕੇ ਗ੍ਰਿਸਤੋਂ ਬਾਹਰ ਫਿਰਦਿਆਂ ਨੂੰ ਭੀ ਜਾ ਚਿਮੜਦੀ ਹੈ। ਜੇਹੜੇ ਗ੍ਰਿਸਤੀ ਹਨ ਗ੍ਰਿਸਤੀ ਬਣ ਕੇ ਗ੍ਰਿਸਤ ਧਰਮ ਧਾਰਨ ਕਰਦੇ ਹਨ ਆਨਮਤਾਂ ਦੇ ਆਸਰੇ ਆਨਮਤ ਕਰਮ ਧਰਮ ਕਰਦੇ ਹਨ, ਉਹ ਏਸ ਮਾਇਆ ਨੂੰ ਇਕਠੀ ਕਰਨ ਵਿਚ ਰਚ ਪਚ ਜਾਂਦੇ ਹਨ। ਪਰ ਉਹ ਇਹਨਾਂ ਦੀ ਬਣਦੀ ਨਹੀਂ। ਇਹਨਾਂ ਦੇ ਕਾਬੂ ਵਿਚਿ ਨਹੀਂ ਰਹਿੰਦੀ ਸਗੋਂ ਧੋਖਾ ਦੇ ਜਾਂਦੀ ਹੈ। ਪਏ, ਐਵੇਂ ਖਪਿ ਖਪਿ ਮਰਦੇ ਹਨ ਮਾਇਆਧਾਰੀ। ਜਿਨਾਂ ਦੇ ਘਰਿ ਬਹੁਤੀ ਹੁੰਦੀ ਹੈ ਉਹ ਚਿੰਤਾ ਰੋਗ ਦੇ ਗ੍ਰਸੇ ਰਹਿੰਦੇ ਹਨ। ਜਿਨਾਂ ਕੋਲ ਥੋੜੀ ਹੁੰਦੀ ਹੈ ਦੁਆਰੇ ਦੁਆਰੇ ਭਰਮਦੇ ਫਿਰਦੇ ਹਨ। ਇਕਿ ਗ੍ਰਿਸਤ ਵਿਚਿ ਰਹਿ ਕੇ ਸਤਿ ਧਰਮੀ ਸਦਾਉਂਦੇ ਹਨ। ਤਿਨਾਂ ਨੂੰ ਸਗੋਂ ਇਹ ਮਾਇਆ ਹੋਰ ਕਲਪਾਉਂਦੀ ਹੈ, ਭਾਂਤ ਭਾਂਤ ਰੂਪਾਂ ਵਿਚਿ ਭਾਂਤ ਭਾਂਤ ਦੇ ਦੁਖ ਦੇ ਕੇ ਕਣਤਾਉਂਦੀ ਸਤਾਉਂਦੀ ਹੈ। ਅਤੇ ਉਹਨਾਂ ਦੇ ਸਤਿ ਧਰਮ ਨੂੰ ਭੰਗ ਕਰ ਦਿੰਦੀ ਹੈ। ਇਹਨਾਂ ਆਨਮਤੀਆਂ ਦੇ ਆਨਮਤਿ ਸਤਿ ਧਰਮ ਕਰਮ ਨੂੰ ਭ੍ਰਸ਼ਟ ਕਰ ਦਿੰਦੀ ਹੈ। ਤਿਨਾਂ ਦੇ ਕੀਤੇ ਧਰਮ ਕਰਮ ਮਾਇਆ ਉਤੇ ਕਾਬੂ ਨਹੀਂ ਪਾ ਸਕਦੇ, ਸਗੋਂ ਇਹ ਧਰਮੀਂ ਕਰਮੀ ਆਪਿ ਹੀ ਉਸਦੇ ਕਾਬੂ ਵਿਚਿ ਆ ਜਾਂਦੇ ਹਨ। ਮਾਇਆ ਦੇ ਪੰਜੇ ਵਿਚਿ ਫਸ ਕੇ ਜਕੜੇ ਜਾਂਦੇ ਹਨ। ਗੁਰੂ ਦੇ ਸਿਖ



www.AKJ.Org

ਹੀ ਗ੍ਰਿਸਤ ਧਰਮ ਵਿਚਿ ਰਹਿ ਕੇ ਗੁਰਮਤਿ ਕਰਮ ਧਰਮ ਕਰਦਿਆਂ ਸਤਿਗੁਰੂ ਗੁਰੂ ਨਾਨਕ ਦੇ ਚਰਨ ਸਰਨੀ ਧਿਆਨ ਧਰਦੇ ਹੋਏ ਇਸ ਮਾਇਆ ਤੋਂ ਅਲੇਪ ਰਹਿ ਸਕਦੇ ਹਨ। ਸਦਾ ਅਲੇਪ ਹੀ ਰਹਿੰਦੇ ਹਨ। ਤਿਨਾਂ ਨੂੰ ਕੋਈ ਲੇਸ ਨਹੀਂ ਲਗਦਾ। ਇਸ ਬਪੁੜੀ ਮਾਇਆ ਦਾ। ਤਪ ਕਰਨਹਾਰੇ ਤਪਸੀਆਂ ਆਨਮਤ ਦੇ ਬੜੇ ਬੜੇ ਤਪੀਸਰਾਂ ਨੂੰ ਇਸ ਮਾਇਆ ਨੇ ਭੁਲਾ ਕੇ ਸਤਿ ਮਾਰਗ ਤੋਂ ਤੱਤ ਪਰਮਾਰਥ ਤੋਂ ਗੁਮਰਾਹ ਕਰਿ ਦਿਤਾ ਹੈ। ਗੁਮਰਾਹ ਕੀ ? ਸਗੋਂ ਤਿਨਾਂ ਤਪੱਸੀਆਂ ਨੂੰ ਇਹ ਪਰਮਾਰਥ ਵਲ ਲਗਣ ਹੀ ਨਹੀਂ ਦਿੰਦੀ। ਬਥੇਰਾ ਆਨਮਤ ਦਾ ਤਪ ਕਰਿ ਕਜਿ ਤਪੀਸ਼ਰ ਜਨ ਜੋਰ ਲਾ ਥਕਦੇ ਹਨ। ਉਹਨਾਂ ਦੇ ਕੀਤੇ ਤਪ ਕਿਸੇ ਥਿਲੇ ਨਹੀਂ ਲਗਦੇ। ਐਸੀ ਕਰਮ ਕਮਾਉਣੀ ਉਹਨਾਂ ਤੇ ਪੈਂਦੀ ਹੈ ਕਿ ਉਹ ਮਾਇਆ ਮੋਹ ਵਿਚਿ ਲੋਭਾਏ ਜਾਂਦੇ ਹਨ। ਮਾਇਆ ਉਹਨਾਂ ਨੂੰ ਭੀ ਲੋਭਾਇ ਲੈਂਦੀ ਹੈ। ਕੋਈ ਭੀ ਸਕਾ ਨਹੀਂ ਬਚਦਾ। ਇਸ ਧਰਤੀ ਤੇ ਤ੍ਰੈਗੁਣੀ ਜੀਵ ਸਾਰੇ ਮਾਇਆ ਮੋਹ ਵਿਚਿ ਜਕੜੇ ਹੋਏ ਹਨ ਅਤੇ ਗਗਨ ਮੰਡਲੀ ਤਾਰਾਗਣ ਪ੍ਰਿਥਵੀਆਂ ਦੇ ਆਕਾਸ਼ ਵਾਸੀ ਦੇਵ ਲੋਗ ਭੀ ਮਾਇਆ ਦੇ ਮੋਹੇ ਪਏ ਹਨ। ਕੇਵਲ ਸਤਿਗੁਰੂ ਨਾਨਕ ਸਾਹਿਬ ਦੀ ਛਤਰ ਛਾਇਆ ਹੇਠ ਰਹਿਣ ਵਾਲਿਆਂ ਗੁਰਮੁਖ ਜਨਾਂ ਨੂੰ ਹੀ ਸਤਿਗੁਰੂ ਹਥ ਦੇ ਕੇ ਰਖਦਾ ਹੈ। ਜਿਨ੍ਹਾਂ ਨੂੰ ਸਚੇ ਸਤਿਗੁਰੂ ਨੇ ਗੁਰਮਤਿ ਗਿਆਨੁ ਬਖਸ਼ਿਆ ਹੈ, ਤਿਨਾਂ ਨਾਮ ਹੁਲਾਸੀ, ਰਸ ਜੋਤਿ ਵਿਗਾਸੀ ਗਿਆਨੀਆਂ ਦੀ ਇਹ ਮਾਇਆ ਉਲਟੀ ਦਾਸੀ ਬਣ ਕੇ ਰਹਿੰਦੀ ਹੈ। ਹਥ ਜੋੜ ਕੇ ਅਰਦਾਸ ਕਰਦੀ ਹੈ, ਗੁਰਮੁਖ ਗਿਆਨ ਪ੍ਰਕਾਸ਼ੀ ਸਿਖ ਦੇ ਅਗੇ ਕਿ ਜੋ ਤੁਸੀਂ ਫੁਰਮਾਉਗੇ ਓਹੀ ਕਾਰ ਕਮਾਵਾਂਗੀ। ਗੁਰੂ ਨਾਨਕ ਦੇ ਵਰੋਸਾਏ ਗੁਰਮੁਖਾਂ ਦੇ ਨੇੜੇ ਨਹੀਂ ਜਾਵਾਂਗੀ। ਦੂਰ ਹੀ ਹਥ ਜੋੜ ਕੇ ਖੜੀ ਰਹਾਂਗੀ। ਕਰਮ ਧਰਮ ਦੀ ਤਤ ਸਾਰ ਸੋਝੀ ਤੋਂ ਸੱਖਣੇ ਆਨਮਤੀ ਲੋਕਾਂ ਦੀ ਮੁਕਤੀ ਵਲ ਸੁਰਤੀ ਨਹੀਂ। ਉਹਨਾਂ ਨੂੰ ਮੁਕਤੀ ਕਦਾਚਿਤ ਪ੍ਰਾਪਤਿ ਨਹੀਂ ਹੋ ਸਕਦੀ। ਸ਼ਬਦ ਸੁਰਤਿ ਦੇ ਪਰਮਾਰਥੀ ਪੰਥ ਉਤੇ ਉਹ ਪੈਂਦੇ ਹੀ ਨਹੀਂ ਜਿਸਦੇ ਜ਼ਰੀਏ ਕਿ ਪਰਮਾਰਥ ਦੀ ਮੰਜ਼ਿਲ ਦੀ ਟੀਸੀ ਤੇ ਪਹੁੰਚੀਦਾ ਹੈ। ਇਸ ਪਰਮ ਪਦ ਨੂੰ ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖ ਸਿਖ ਹੀ ਗੁਰ ਸ਼ਬਦ ਦੀ ਬਰਕਤ ਨਾਲਿ ਪ੍ਰਾਪਤਿ ਹੁੰਦੇ ਹਨ। ਉਹ ਦਿਨ ਰਾਤਿ ਸਿਫਤਿ ਸਾਲਾਹ ਦੇ ਸਚੜੇ ਗੁਰਮਤਿ ਕਰਮ ਦੀ ਅਭਿਆਸ ਕਮਾਈ ਵਿਚਿ ਹੀ ਜੁਟੇ ਰਹਿੰਦੇ ਹਨ। ਆਨਮਤੀਆਂ ਵਾਲੇ ਹੋਰ ਕਰਮ ਕਰਨ ਦੀ ਉਹਨਾਂ ਨੂੰ ਲੋੜ ਨਹੀਂ, ਇਹਨਾਂ ਫੋਕੇ ਆਨਮਤ ਕਰਮਾਂ ਵਿਚ ਉਹ ਪੈਂਦੇ ਹੀ ਨਹੀਂ। ਯਥਾ ਗੁਰਵਾਕ:-

ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ।। ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ।।

(੪।।੩।।) (ਆਸਾ ਮ:੧,ਪੰਨਾ ੪੩੭)

ਸਗਲੇ ਆਨਮਤਿ ਕਰਮਾਂ ਨੂੰ ਅਗਲੇ ਗੁਰਵਾਕ ਅੰਦਰਿ ਗਿਣ ਗਿਣ ਕੇ ਰੱਦ ਕੀਤਾ ਹੈ। ਯਥਾ ਗੁਰਵਾਕ-

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ।। ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ।। ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।। ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ।। ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ।। ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ।।੨।।(੮)

(ਆਸਾ ਕੀ ਵਾਰ ਮ:੧, ਪੰਨਾ ੪੬੭)

ਵਿਆਖਿਆ- ਮਹਿਜ਼ ਇਖ਼ਲਾਕੀ ਨੇਕੀਆਂ ਹਉਮੈ ਭਰੀਆਂ ਚੰਗਿਆਈਆਂ ਦੇ ਕਰਮ ਕਰ ਕੇ ਭਾਵੇਂ ਕੋਈ 'ਲਖ ਪੁੰਨਾ' ਨਾਉਂ ਵਾਲਾ ਪ੍ਰਸਿਧ ਪੁੰਨ ਕਰਮੀ ਮਸ਼ਹੂਰ ਹੋ ਗਿਆ ਹੋਵੇ ਅਤੇ ਉਸਦਾ ਨਾਉਂ ਲਖ ਪੁੰਨਾ (ਲਖ ਪੁੰਨ ਕਰਨ ਵਾਲਾ) ਪੈ ਗਿਆ ਹੋਵੇ ਤਾਂ ਭੀ ਉਸ ਦੇ ਲਖ ਪੁੰਨ ਕਰਮ ਲਖਾਂ ਨੇਕੀਆਂ ਚੰਗਿਆਇਆਂ ਵਾਲੇ ਕੀਤੇ ਕਿਸੇ ਲੇਖੇ ਨਹੀਂ ਪੈਂਦੇ। ਨਿਰਾ ਹਉਮੈ ਹੀ ਵਧਾਉਂਦੇ ਹਨ, ਹਉਮੈ ਨੂੰ ਪੱਠੇ ਪਾਉਂਦੇ ਹਨ। ਤੀਰਥਾਂ ਤੇ ਜਾ ਜਾ ਕੇ ਨਿਵਾਸ ਕਰ ਕਰ ਕੇ ਭਾਵੇਂ ਲਖਾਂ ਤਪ ਕੀਤੇ ਜਾਣ, ਬੀਆਬਾਨਾਂ ਜੰਗਲਾਂ ਵਿਚਿ ਜਾ ਕੇ ਜੋਗੀਆਂ ਦੇ ਦਸਮ ਦੁਆਰ ਵਿਚਿ ਪ੍ਰਾਣ ਚਾੜ੍ਹ ਕੇ ਸਮਾਧੀ ਲਾਉਣ ਦੇ ਸਾਧਨ ਰੂਪੀ ਨਾਮ-ਧ੍ਰੀਕ ਸਹਿਜ ਯੋਗ ਅਭਿਆਸ ਕਰਮ ਭਾਂਵੇਂ ਲਖ ਕਮਾਏ ਜਾਣ, ਹਉਮੈ ਅੰਦਰਿ ਮੈਦਾਨੇ ਜੰਗ ਜੂਝੇ ਜਾਣ, ਓੜਕ ਜੰਗ ਯੁਧ ਦੀ ਰਣ ਭੂਮੀ ਵਿਚਿ ਹੀ ਲੜ ਕੇ ਪ੍ਰਾਣ ਤਿਆਗੇ ਜਾਣ, ਸੁਰਤੀਆਂ ਸਿਮਰਤੀਆਂ ਦੇ ਲਖਾਂ ਗਿਆਨ


www.AKJ.Org

ਧਿਆਨ ਸਾਧੇ ਜਾਣ, ਅਤੇ ਬੇਦਾਂ ਪੁਰਾਣਾਂ ਨੂੰ ਲਖਾਂ ਵਾਰ ਭਾਵੇਂ ਪੜ੍ਹਿਆ ਘੋਖਿਆ ਜਾਵੇ, ਇਹ ਸਭ ਉਪਰ ਵਰਨਣ ਕੀਤੀਆਂ ਆਨਮਤ ਮਤੀਆਂ ਸਭ ਮਿਥਿਆ ਅਤੇ ਬਿਰਥੇ ਹੀ ਹਨ। ਝੂਠ ਮਤਾਂਤਰੀ ਕਰਮ ਭੀ ਸਭ ਝੂਠੇ ਹਨ। ਕਾਰਨ ਕਰਨ ਸਮਰੱਥ ਕਰਤੇ ਕਰਨਹਾਰ ਨੇ ਉਹਨਾਂ ਦੀ ਕਿਸਮਤ ਵਿਚਿ ਆਵਣ ਜਾਣ ਹੀ ਲਿਖਿਆ ਹੈ। ਭਾਣੇ ਦੇ ਮਾਲਕ ਦੀ ਭਾਣੇ ਦੀ ਖੇਡ ਅੰਦਰ ਉਪਰਲੇ ਆਨਮਤ ਕਰਮਾਂ ਦੇ ਕਰਨਹਾਰ ਸਭੇ ਚੁਰਾਸੀ ਦੇ ਗੇੜ ਵਿਚਿ ਹੀ ਪੈਂਦੇ ਹਨ। ਇਸ ਕਰਕੇ ਇਹ ਸਭ ਆਨਮਤ ਮਤ-ਮਤਾਂਤਰੀ ਮਤੀਆਂ ਵਾਲੇ ਕਰਮ ਅਸੱਤ (ਝੂਠੇ) ਹਨ। ਗੁਰਮਤਿ ਜਪ-ਨੀਸਾਨੀ ਕਰਮੁ ਹੀ ਸੱਚਾ ਹੈ, ਅਰਥਾਤ ਸਿਫਤ ਸਾਲਾਹ ਹੀ ਸੱਚਾ (ਸਤਿ) ਕਰਮੁ ਹੈ। ਹੋਰ ਸਭ ਕਰਮ ਤੋੜ ਨਾ ਨਿਭਣ ਵਾਲੇ ਹੋਣ ਕਰਕੇ ਮਿਥਿਆ ਹੀ ਹਨ, ਕਰਨਹਾਰੇ ਪ੍ਰਾਣੀ ਨੂੰ ਸਹਾਈ ਹੀਂ ਹੁੰਦੇ, ਨਾ ਐਥੇ (ਇਸ ਲੋਕ ਵਿਖੇ) ਨਾ ਓਥੇ ਅਗਲੇ ਲੋਕ ਅਰਥਾਤ ਪਰਲੋਕ ਵਿਖੇ)

ਤ੍ਰੈਕਾਲ-ਦਰਸੀ ਸਾਹਿਬੇ ਕਸ਼ਫ਼ ਸਤਿਗੁਰੂ ਨਾਨਕ ਪੰਚਮ ਗੁਰੂ ਨੇ ਸਾਰੇ ਸ਼ਾਸਤਰ ਬੇਦ ਪੁਰਾਨ ਸੋਧ ਕੇ ਦੇਖ ਲਏ, ਅਤੇ ਸਿਮ੍ਰਿਤੀਆਂ ਦਾ ਤੱਤ ਭੀ ਨਿਚੋੜ ਕੇ ਭਾਂਪ ਲਿਆ। ਇਨ੍ਹਾਂ ਦੇ ਪੜ੍ਹਿਆਂ, ਇਹਨਾਂ ਦੀ ਅਨੁਸਾਰਤਾ ਅਨੁਸਾਰ ਕਰਮ ਕਮਾਇਆਂ ਕਿਸੇ ਭੀ ਪ੍ਰਾਣੀ ਦਾ ਨਿਸਤਾਰਾ ਨਹੀਂ ਹੋ ਸਕਦਾ। ਨਿਸਤਾਰਾ ਕਰਨਹਾਰ ਭਵ-ਸਾਗਰ ਤੋਂ ਪਾਰ-ਉਤਾਰਨਹਾਰ, ਉਧਾਰਨਹਾਰ ਹੈ ਤਾਂ ਦੀਨਾਂ ਨਾਥ ਪ੍ਰਾਨਪਤਿ ਪੂਰਨ ਪਾਰਬ੍ਰਹਮ ਪੂਰਾ ਪ੍ਰਭੂ ਪਰਮਾਤਮਾ ਅਤੇ ਪੂਰੇ ਪ੍ਰਭੂ ਦਾ ਪੂਰਾ ਨਾਮ ਹੀ ਹੈ, ਜੋ ਕੇਵਲ ਗੁਰਮਤਿ ਦੁਆਰਾ ਹੀ ਕਮਾਇਆ ਅਭਿਆਸਾਇਆ ਜਾ ਸਕਦਾ ਹੈ। ਅਨਮਤਿ ਮਤਾਂਤਰੀ ਕਰਮ ਕਮਾਏ ਸਭ ਬੇ-ਅਅਰਥ ਹਨ। ਯਥਾ ਗੁਰਵਾਕ-

ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ॥
ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ॥੧॥
(੨॥੨੦) (ਦੇਵ ਗੰਧਾਰੀ ਮ:੫, ਪੰਨਾ ੫੩੨)

ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਪਰਸਨ ਲਈ, ਪਰਤੱਖ ਦਰਸ਼ਨ ਲਈ ਜਪ ਤਪ ਬਰਤ ਆਦਿ ਕਰਮ ਕੀਤੇ ਸਭੇ ਹੀ ਅਕਾਰਥ ਹਨ। ਇਹਨਾਂ ਆਨਮਤ ਕਰਮਾਂ ਦੇ ਕੀਤਿਆਂ ਤਪਤਿ ਨਹੀਂ ਬੁਝਦੀ। ਬੁਝਦੀ ਹੈ ਤਾਂ ਸਮਰੱਥ ਸੁਆਮੀ ਅਕਾਲ ਪੁਰਖ ਦੇ ਚਰਨ ਸ਼ਰਨ ਆਇਆਂ ਹੀ ਬੁਝਦੀ ਹੈ, ਅਤੇ ਅਕਾਲ ਪੁਰਖ ਦੀ ਚਰਨ ਸ਼ਰਨ ਨੂੰ ਪ੍ਰਾਪਤਿ ਹੋਈਦਾ ਹੈ ਤਾਂ ਨਿਰੰਕਾਰੀ ਸਤਿਗੁਰੂ ਦੇ ਬਖਸ਼ੇ ਨਿਰੰਕਾਰੀ ਨਾਮ ਦੀ ਗੁਰਮਤਿ ਦਰਸਾਈ ਅਭਿਆਸ ਕਮਾਈ ਦੁਆਰਾ ਪ੍ਰਾਪਤ ਹੋਈਦਾ ਹੈ। ਯਥਾ ਗੁਰਵਾਕ-

ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ॥
ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ॥
(੪॥੩॥੬॥) (ਬਿਹਾਗੜਾ ਮ:੫, ਪੰਨਾ ੫੪੫)

ਹਿੰਦੂ ਮਤ ਦੇ ਮੰਨੇ-ਪਰਮੰਨੇ ਵਡੇ ਤੋਂ ਵਡੇ ਤਿੰਨ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ (ਸ਼ਿਵਜੀ) ਹਨ। ਤਿਹਾਂ ਦੀ ਜੋ ਗਤਿ ਗੁਰਬਾਣੀ ਅੰਦਰਿ ਦਸੀ ਗਈ ਹੈ, ਓਹ ਇਸ ਅਗਲੇ ਗੁਰਵਾਕ ਦੇ ਭਾਵ ਤੋਂ ਜਾਣੀ ਜਾ ਸਕਦੀ ਹੈ। ਯਥਾ ਗੁਰਵਾਕ-

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥੨॥ ਕਿਸਨੁ ਸਦਾ ਅਵਤਾਰੀ ਰੂਧਾ ਕਿਤ ਲਗਿ ਤਰੈ ਸੰਸਾਰਾ.........॥੩॥(੫॥੫)

ਬ੍ਰਹਮੈ ਨੇ ਬੇਦ ਰਚੇ ਤੇ ਉਹਨਾਂ ਬੇਦਾਂ ਦੁਆਰਾ ਜੋ ਬਾਣੀ ਪਰਗਟ ਕੀਤੀ ਉਸ ਵਿਚਿ ਨਿਰਾ ਹੀ ਮੋਹ ਮਾਇਆ ਦਾ ਪਸਾਰਾ ਹੀ ਪਸਰਿਆ (ਭਰਿਆ) ਪਿਆ ਹੈ। ਸੋ ਜੋ ਬੇਦਾਂ ਨੂੰ ਪੜ੍ਹਦੇ ਹਨ ਉਹ ਮੋਹ ਮਾਇਆ ਵਿਚ ਫਸ ਗਿਆ। ਜਦ ਬੇਦ ਦੇ ਰਚਨਹਾਰ ਅਤੇ ਬੇਦ-ਬਾਣੀ ਕਥਨਹਾਰੇ ਬੇਦ-ਬਾਣੀ ਕਥਨਹਾਰੇ ਬੇਦ-ਬਾਣੀ(ਪ੍ਰਗਾਸਨਹਾਰੇ) ਦੀ ਹੀ ਇਹ ਗਤੀ ਹੈ ਤਾ ਬ੍ਰਹਮਾ ਦੀ ਬੇਦਾਂ ਦੁਆਰਾ ਦਿੱਤੀ ਸਿਖਿਆ ਉਤੇ ਚਲਣ-ਹਾਰੇ ਲੋਕਾਂ ਦੀ ਗਤੀ ਕੀ ਹੋਵੇਗੀ? ਬੇਦਾਂ ਨੂੰ ਪੜ੍ਹਨ ਪੜ੍ਹਨਹਾਰੇ, ਬੇਦਾਂ ਦੀ ਦਰਸਾਈ ਕਰਮਾਚਾਰੀ ਤੇ ਚਲਣ ਵਾਲਿਆਂ ਦੀ ਕੀ ਗਤੀ ਹੋਵੇਗੀ? ਅਰਥਾਤ ਕੁਛ ਭੀ ਨਹੀਂ ਹੋਣੀ। ਨਫੀ ਬਰਾਬਰ ਹੀ ਹੈ। ਨਹੀਂ ਹੋਣੀ ਤੇ ਨਹੀਂ ਹੋਣੀ। ਅਤੇ ਮਾਹਦੇਉ ਜੋ ਆਪਣੇ ਭਾਣੇ ਆਪਣੇ ਘਰਿ ਬੈਠਾ ਹੀ ਆਪਣੇ ਆਪ ਨੂੰ ਗਿਆਨੀ ਅਖਵਾਉਂਦਾ ਹੈ, ਉਹ ਆਪ ਹੀ ਤਮੋਗੁਣ (ਕ੍ਰੋਧ) ਅਤੇ ਹੰਕਾਰ ਦਾ ਨਿਰਾ ਪੁਤਲਾ ਹੈ। ਉਸ ਦੇ ਪਿਛ-ਲਗੂਆਂ ਦਾ ਬਹੁਤਾ ਕ੍ਰੋਧ ਗੁੱਸਾ ਤੇ ਹੰਕਾਰ ਹੀ ਵਧਦਾ ਹੈ। ਅਤੇ ਤੀਜਾ


www.AKJ.Org

ਦੇਵਤਾ ਜੋ ਹਿੰਦੂਆਂ ਦਾ ਹੈ ਵਿਸ਼ਨੂੰ, ਉਹ ਕ੍ਰਿਸ਼ਨ ਦਾ ਰੂਪ ਵਟਊਆ ਹੋ ਕੇ ਸਦਾ ਅਵਤਾਰ ਧਾਰਨ ਵਿਚਿ ਹੀ ਲਗਿਆ ਰਹਿੰਦਾ ਹੈ। ਤਾਂ ਦਸੋ, ਸੰਸਾਰ ਕਿਹੜੇ ਦੇਵਤੇ ਦੇ ਪਿਛੇ ਲਗ ਕੇ ਤੁਰੇ? ਸੰਸਾਰੀ ਲੋਕਾਂ ਦੇ ਇਹਨਾਂ ਤੇਹਾਂ ਦੇਵਤਿਆਂ ਦੇ ਪਿਛ-ਲਗ ਕਰਮਾਚਾਰੀ ਬੰਦਿਆਂ ਦਾ ਕਿਵੇਂ ਨਿਸਤਾਰਾ ਹੋਵੇ? ਇਹ ਤਿੰਨੇ ਹੀ ਫੋਕਟ ਕਰਮ ਦ੍ਰਿੜਾਉਣਹਾਰੇ ਹਨ, ਤਾਂ ਹਿੰਦੂ ਮਤ ਦੇ ਵਿਸਥਾਰਤ ਸਭੇ ਕਰਮ ਹੀ ਨਿਸਫਲ ਹਨ।

ਅਗਲਾ ਗੁਰਵਾਕ ਆਨਮਤ ਕਰਮਾਂ ਦੀ ਗਤਿ ਖ਼ੂਬ ਨਿਖਾਰਦਾ ਹੈ।ਯਥਾ ਗੁਰਵਾਕ-

...ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥ ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥ ਭੇਖਧਾਰੀ ਭੇਖ ਕਰਿ ਥਕੇ ਅਠਸਠਿ ਤੀਰਥ ਨਾਇ॥ ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ....॥੨॥

(੬) (ਵਾਰ ਸੋਰਠਿ, ਮ:੩, ਪੰਨਾ ੬੪੪-੪੫)

ਭਾਵ- ਆਨਮਤਿ ਧਰਮ ਪੁਸਤਕਾਂ ਨੂੰ ਪੜ੍ਹ ਪੜ੍ਹ ਕੇ ਘਰ ਘਰ ਵਿਖੇ (ਅਨੇਕਾਂ ਘਰਾਂ ਵਿਖੇ, ਥਾਉਂ ਥਾਈਂ, ਅਨੇਕਾਂ ਥਾਵਾਂ ਤੇ) ਉਪਦੇਸ਼ ਦੇ ਕੇ ਤਿਨ੍ਹਾਂ ਉਪਦੇਸ਼ਾਂ ਦੇ ਅਨੁਸਾਰੀ ਕਰਮ ਕਰਿ ਅਤੇ ਕਰਾ ਥਕੇ ਅਤੇ ਬਥੇਰੇ ਸਿਧ ਸਮਾਧੀਆਂ ਲਾ ਲਾ ਆਏ। ਏਹਨਾਂ ਕੀਤੇ ਆਨਮਤ ਕਰਮਾਂ ਦੀ ਕੋਈ ਪੇਸ਼ ਨਾ ਗਈ। ਮਨ ਕਾਬੂ ਵਿਚਿ ਨਾਹੀਂ ਆਇਆ। ਅਨੇਕਾਂ ਆਨਮਤੀ ਭੇਖਾਧਾਰੀ ਭਾਂਤ ਭਾਂਤ ਦੇ ਭੇਖ ਕਰਿ ਥਕੇ ਅਤੇ ਅਠਾਹਠਾਂ ਹਿੰਦੂ ਮਤਿ ਦੇ ਤੀਰਥਾਂ ਵਿਚ ਨ੍ਹਾਇ ਨ੍ਹਾਇ ਕੇ ਹੰਭ ਹਟੇ, ਪਰ ਉਹਨਾਂ ਦੇ ਨਿਰੇ ਹਉਮੈ-ਗ੍ਰਸੇ ਕਰਮ ਹੀ ਰਹੇ। ਮਨ ਵਸਿ ਆਉਣ ਦੀ ਜੁਗਤੀ ਦਾ ਉਹਨਾਂ ਨੂੰ ਪਤਾ ਨਹੀਂ ਲਗਾ। ਹਉਮੈ-ਵਿਆਪੇ ਕਰਮਾਂ ਨੇ ਉਹਨਾਂ ਨੂੰ ਭਰਮਾਂ ਵਿਚਿ ਪਾ ਛਡਿਆ। ਹੁਣ ਜ਼ਰਾ ਅਗਲਾ ਗੁਰਵਾਕ ਭੀ ਵੀਚਾਰੋ। ਯਥਾ ਗੁਰਵਾਕ-

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗਿ ਚਾਰਿ॥ ਤ੍ਰੈਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥ ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ॥ ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ...॥੧॥(੧੩)

(ਵਾਰ ਸੋਰਠਿ ਸਲੋਕੁ ਮ:੩, ਪੰਨਾ ੬੪੭)

ਭਾਵ- ਬੇਦ ਪੜ੍ਹਨਹਾਰੇ ਵਿਦਵਾਨ ਪੰਡਤਾਂ ਦੇ ਮਨ ਦੀ ਮੈਲ ਦੂਰਿ ਨਾ ਹੋਈ। ਨਾ ਕਦੇ ਹੋ ਸਕਦੀ ਹੈ, ਭਾਵੇਂ ਚੌਹਾਂ ਜੁਗਾਂ ਪ੍ਰਯੰਤ ਬੇਦ ਪੜ੍ਹਦੇ ਰਹਿਣ। ਕਿਉਂਕਿ ਬੇਦਾਂ ਦੀ ਪੜ੍ਹਾਈ ਅੰਦਰਿ ਜੀਵਨ ਪਲਟਾਉਣਹਾਰਾ ਪਾਰਸ ਗੁਣ ਹੀ ਕੋਈ ਨਹੀਂ। ਬੇਦਾਂ ਅੰਦਰਿ ਤ੍ਰੈਗੁਣਾਂ ਦੀ ਵਿਦਿਆ ਪੜ੍ਹਾਈ ਹੀ ਹੈ। ਅਤੇ ਤ੍ਰੈਗੁਣ ਮਾਇਆ ਦਾ ਹੀ ਮੂਲ ਹਨ। ਇਹਨਾਂ ਤ੍ਰੈਗੁਣ ਪੂਰਤਿ ਬੇਦਾਂ ਨੂੰ ਪੜ੍ਹਨਹਾਰੇ ਹਉਮੈ ਦੇ ਹੀ ਤ੍ਰਗੁਣੀ ਕਰਮ ਕਮਾਉਂਦੇ ਹਨ। ਹਉਮੈ ਦੇ ਕਰਮਾਂ ਨੂੰ ਕੀਤਿਆਂ ਨਾਮ ਤਾਂ ਉੱਕਾ ਹੀ ਵਿਸਰ ਜਾਂਦਾ ਹੈ। ਵੇਦ-ਬੇਤਾ, ਬੇਦ-ਗਿਆਤਾ ਕਰਮਚਾਰੀ ਪੰਡਿਤ ਹਉਮੈ ਦੇ ਵਿਚਿ ਭੁਲੇ ਹੋਏ ਦੂਜੇ ਭਾਇ ਦੇ ਮਾਇਆ ਵਾਪਾਰ ਦੇ ਕਰਮਾਂ ਵਿਚਿ ਲਗ ਗਏ। ਜਿਸ ਮਾਇਆ ਦੇ ਤ੍ਰਿਸ਼ਨਾਲੂ ਹੋ ਕੇ ਉਹ ਦੂਜੇ ਭਾਇ ਦੇ ਕਰਮਾਂ ਵਿਚਿ ਪਰਵਿਰਤ ਹੋਏ, ਓਹਨਾਂ ਦੀ ਉਹ ਤ੍ਰਿਸ਼ਨਾ ਭੁਖ ਭੀ ਨਾ ਲਥੀ। ਅੰਦਰਖ਼ਾਨੇ ਉਹਨਾਂ ਦੇ ਤ੍ਰਿਸ਼ਨਾ ਭੁਖ ਦੀ ਅਗਨੀ ਭੜਕਦੀ ਹੀ ਰਹੀ। ਅਜਿਹੇ ਮਹਾਂ ਮੂਰਖ ਗਵਾਰ ਲੋਗ ਬੇਦਾਂ ਦੇ ਵੇਤਾ ਪੰਡਿਤ ਕਹਾਉਂਦੇ ਹੋਏ ਹੀ ਅੰਤਕਾਲ ਭੁਖੇ ਹੀ ਮਰ ਗਏ, ਭੁਖੇ ਹੀ ਤ੍ਰਿਸ਼ਨਾ ਅੰਦਰ ਦੀ ਅੰਦਰ ਲੈ ਕੇ ਤੁਰ ਗਏ। ਅਜਿਹੇ ਆਨਮਤਿ ਕਰਮਾਂ ਨੇ ਉਹਨਾਂ ਦਾ ਕੀ ਸਾਰਿਆਂ ਸੰਵਾਰਿਆਂ, ਸਗੋਂ ਬਿਗਾੜਿਆ ਹੀ ਬਿਗਾੜਿਆ। ਪਰਮਾਰਥ ਤਾਂ ਉਹਨਾਂ ਦਾ ਉਕਾ ਹੀ ਬਿਗੜ ਗਇਆ।

ਅਗਲੇ ਗੁਰਵਾਕ ਅੰਦਰਿ ਭੀ ਅਨਮਤ ਕਰਮਾਂ ਦੀ ਕਪੋਲਤਾ ਦੀ ਖ਼ੂਬ ਕਲਈ ਖੋਲ੍ਹੀ ਹੈ-

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥ ਮਨ ਰੇ ਸੰਸਾਰੁ ਅੰਧ ਗਹੇਰਾ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ॥੧॥ਰਹਾਉ॥ ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ॥ ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ॥੨॥ ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ॥ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ॥੩॥ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥ ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ॥੪॥੧॥

(ਸੋਰਠਿ ਕਬੀਰ ਜੀ, ਪੰਨਾ ੬੫੪)



www.AKJ.Org

ਵਿਆਖਿਆ- ਹਿੰਦੂ ਮਤ ਤਾਂ ਮੁਢ ਤੋਂ ਹੀ ਬੁੱਤ-ਪੂਜਾ ਦਾ ਮਰਕਜ਼ ਹੈ। ਇਹਨਾਂ ਦਾ ਸਰਗੁਣ ਉਪਾਸ਼ਕਾ ਦਾ ਅਸੂਲ ਕੇਵਲ ਬੁੱਤ-ਪ੍ਰਸਤੀ ਤੇ ਹੀ ਨਿਰਭਰ ਰਖਦਾ ਹੈ। ਹਿੰਦੂ ਈਸ਼ਰ-ਪੂਜਾ ਵਿਚ ਸਦਾ ਹੀ ਬੁੱਤ-ਪ੍ਰਸਤ ਬਣੇ ਰਹੇ ਹਨ। ਹਿੰਦੂ ਮਤਿ-ਅਵਿਲੰਬੀਆਂ ਦੇ ਬੜੇ ਬੜੇ ਨੇਤਾਵਾਂ ਦੇ ਬੁੱਤ ਬਣਦੇ ਰਹੇ ਹਨ। ਬੁਧ ਦੇ ਬੁੱਤ ਤਾਂ ਹਰ ਮੁਲਕ ਵਿਚਿ ਬਣਾਏ ਗਏ ਹਨ। ਪੱਥਰਾਂ ਦੇ ਨਾਨ੍ਹਾ ਪ੍ਰਕਾਰੀ ਅਨੇਕ ਦੇਸ਼ਾਂ ਦੇ ਪੁਰਾਣੇ ਖੰਡਰਾਤ ਤੋਂ ਹੁਣ ਤਾਈਂ ਮਿਲਦੇ ਰਹੇ ਹਨ। ਹਿੰਦੂਆਂ ਦਾ ਜੈਨ ਮਤ ਭੀ ਬੁੱਤ-ਪੂਜਾ ਦਾ ਹੀ ਉਪਾਸ਼ਕ ਰਿਹਾ ਹੈ। ਅੱਜ ਕਲ੍ਹ ਨਵੀਨ ਜ਼ਮਾਨੇ ਦੇ ਹਿੰਦੂ ਨੇਤਾਵਾਂ ਨੇ ਤਾਂ ਇਸ ਬੁੱਤ-ਪ੍ਰਸਤੀ ਦੀ ਹਦ ਕਰਿ ਗੁਜ਼ਾਰੀ। ਗਾਂਧੀ ਜੈਨ ਮਤੀ ਦੇ ਬੁੱਤ ਦੀ ਪੂਜਾ ਸਰਕਾਰੀ ਹੁਕਮ ਨਾਲਿ ਇਸ ਹਿੰਦ ਭਾਰਤੀ ਸਰਕਾਰ ਨੇ ਕਰਾਈ ਹੈ, ਉਸ ਨੇ ਸਾਫ਼ ਇਸ ਗੱਲ ਦਾ ਸਬੂਤ ਦੇ ਦਿਤਾ ਹੈ ਕਿ ਹਿੰਦ ਸਰਕਾਰ ਨਹੀਂ, ਹਿੰਦੂ ਸਰਕਾਰ ਹੈ। ਇਸ ਬੁੱਤ-ਪ੍ਰਸਤੀ ਤੋਂ ਖ਼ਾਲੀ ਨਾਂ ਹੀ ਹਿੰਦੂ ਮਤ ਹੈ, ਨਾਂ ਹੀ ਮੁਸਲਮਾਨੀ ਮਜ਼ਹਬ ਹੈ। ਜਿਥੇ "ਬੁਤ ਪੂਜਿ ਪੂਜਿ ਹਿੰਦੂ ਮੂਏ" ਦਾ ਫ਼ਤਵਾ ਗੁਰਬਾਣੀ ਹਿੰਦੂਆਂ ਤੇ ਲਾਉਂਦੀ ਹੈ ਉਥੇ ਨਾਲਿ ਹੀ "ਤੁਰਕ ਮੂਏ ਸਿਰੁ ਨਾਈ" ਵਾਲੀ ਬੁੱਤ-ਪ੍ਰਸਤੀ ਦਾ ਹਰਫ਼ ਮੁਸਲਮਾਨਾਂ ਉਤੇ ਭੀ ਆਉਂਦਾ ਹੈ। ਸਮੁੱਚੀ ਦੀ ਸਮੁੱਚੀ ਮੁਸਲਮਾਨ ਲੋਕਾਈ ਦਿਨ ਵਿਚਿ ਦੀ ਪੰਜ ਵਾਰ ਕਾਅਬੇ ਵਲ ਸਿਰ ਨਿਵਾ ਕੇ ਨਮਾਜ਼ ਪੜ੍ਹਦੀ ਹੈ। ਮੱਕੇ ਕਾਅਬੇ ਵਿਚਿ ਕੀ ਧਰਿਆ ਪਿਆ ਹੈ 'ਸੰਗ ਅਸਵਦ' (ਕਾਲਾ ਪੱਥਰ) ਚਾਹੇ ਘੜਿਆ ਹੋਇਆ ਬੁੱਤ ਨਹੀਂ, ਨਿਰਾ ਪੱਥਰ ਹੀ ਹੈ। ਪਰ ਪੱਥਰ ਵਲ ਸਿਰ ਨਿਵਾ ਕੇ ਸਿਜਦਾ ਕਰਨਾ ਮੁਸਲਮਾਨਾਂ ਦੀ ਨਿਰੀ ਬੁੱਤ-ਪ੍ਰਸਤੀ ਹੈ। ਇਸ ਕਰਕੇ "ਤੁਰਕ ਮੂਏ ਸਿਰੁ ਨਾਈ" ਵਾਲੇ ਗੁਰਵਾਕ ਦੀ ਘਟਨਾ ਇੰਨ ਬਿੰਨ ਤੁਰਕਾਂ ਦੀ ਬੁੱਤ ਅਤੇ ਮੱਕੇ ਵਲ ਨੂੰ ਮੂੰਹ ਕਰ ਕੇ ਸਿਰ ਨਿਵਾਉਣ ਵਾਲੀ ਬੁੱਤ-ਪ੍ਰਸਤੀ ਤੇ ਘਟਦੀ ਹੈ। ਫੇਰ ਹਿੰਦੂ ਤਾਂ ਮੁਰਦਿਆਂ ਨੂੰ ਜਾਲ ਕੇ ਮੜ੍ਹੀਆਂ ਬਣਾ ਲੈਂਦੇ ਹਨ। ਮੁਸਲਮਾਨ ਮੁਰਦਿਆਂ ਨੂੰ ਦੱਬ ਕੇ ਕਬਰਾਂ ਬਣਾਉਂਦੇ ਹਨ। ਤਾਂਤੇ ਇਹਨਾਂ ਦੋਹਾਂ ਵਡੀਆਂ ਬੁੱਤ-ਪ੍ਰਸਤ ਕੌਮਾਂ (ਹਿੰਦੂਆਂ ਤੇ ਮੁਸਲਮਾਨਾਂ) ਨੇ ਕਾਦਰ ਕਰੀਮ ਕਰਕੇ ਕਰਨਹਾਰ ਨਿਰੰਕਾਰ ਦੀ ਗਤਿ ਨਹੀਂ ਪਾਈ। ਸਾਰਾ ਸੰਸਾਰ ਹੀ ਅੰਧ-ਵਿਸ਼ਵਾਸੀ ਦਾ ਅੰਨ੍ਹਾ ਖਾਤਾ ਬਣਿਆ ਹੋਇਆ ਹੈ, ਜਿਸ ਕਰਕੇ ਇਹ ਦੀਆਂ ਦਸੇ ਹੀ ਦਿਸਾਵਾਂ ਦੇ ਉਦਾਲੇ (ਦੁਆਲੇ) ਜਮ ਦੇ ਜਾਲ ਦਾ ਵਿਉੜਾ ਫੰਦਾ ਪਿਆ ਹੋਇਆ ਹੈ, ਜਿਸ ਫੰਦੇ ਵਿਚੋਂ ਇਹ ਅਨਮਤੀ ਸੰਸਾਰੀ ਲੋਕ ਕਦੇ ਨਿਕਲ ਹੀ ਨਹੀਂ ਸਕਦੇ। ਕਿਉਂਕਿ ਇਹ ਕਰਮ ਹੀ ਅਜਿਹੇ ਕਮਾਉਂਦੇ ਹਨ ਜੋ ਜਮਜਾਲ ਵਿਚਿ ਫਸਣ ਵਾਲੇ ਹੋਣ। ਬਸ, ਏਹਨਾਂ ਕਰਮਾਂ ਵਿਚਿ ਹੀ ਫਸ ਫਸ ਕੇ ਮਰ ਮੁਕਦੇ ਹਨ। ਕਵੀਸ਼ਰ ਲੋਗ ਕਵੀਸ਼ਰੀਆਂ ਪੜ੍ਹ ਪੜ੍ਹ ਕੇ ਹੀ ਮਰ ਗਏ, ਮਰਦੇ ਚਲੇ ਆ ਰਹੇ ਹਨ ਜੁਗਾਂ ਤੋਂ, ਅਤੇ ਹੁਣ ਭੀ ਮਰਿ ਰਹੇ ਹਨ, ਕਬੀਸ਼ਰੀਆਂ ਦੀ ਕਜ਼-ਖ਼ਿਆਲੀ ਕਰਮ ਬਾਜ਼ੀ ਵਿਚਿ, ਹਿੰਦੂਆਂ ਦਾ ਇਕ ਕਾਪੜੀਆਂ ਦਾ ਇਕ ਫ਼ਿਰਕਾ ਹੈ, ਉਹ ਕਿਦਾਰ ਨਾਥ ਦੇ ਜਾਣ ਨੂੰ ਹੀ ਪੁੰਨ ਕਰਮ ਸਮਝਦਾ ਹੈ। ਅਤੇ ਹਿੰਦੂ ਮਤ ਦਾ ਜੋਗੀਆਂ ਦਾ ਜਰਗਾ (ਫ਼ਿਰਕਾ) ਭਸਮ ਲਾ ਕੇ ਲੰਮੀਆਂ ਜਟਾਂ ਵਧਾਉਣ ਨੂੰ ਹੀ ਕਲਿਆਣਕਾਰੀ ਕਰਮ ਸਮਝਦਾ ਹੈ। ਬਸ ਸਾਰੇ ਜੋਗੀ ਜਟਾਂ ਧਾਰ ਧਾਰ ਕੇ ਹੀ ਮਰ ਗਏ, ਪਰ ਉਹਨਾਂ ਦੀ ਕਲਿਆਣ ਨਾ ਹੋਈ। ਗਤ ਹੋਣ ਦੇ ਥਾਉਂ ਦੁਰਗਤਿ ਹੀ ਹੋਈ। ਜਦ ਉਹਨਾਂ ਦੀ ਆਪਣੀ ਹੀ ਗਤਿ ਨਹੀਂ ਹੋ ਸਕਦੀ ਤਾਂ ਉਹਨਾਂ ਨਿਰੰਕਾਰ ਪਰਮਾਤਮਾ ਦੀ ਗਤਿ ਕੀ ਪਾ ਸਕਣੀ ਸੀ। ਪਾ ਹੀ ਨਹੀਂ ਹੋਈ। ਨਾ ਹੀ ਪਾਈ ਗਈ, ਜੋਗੀਆਂ ਤੋਂ ਪ੍ਰਮੇਸਰ ਦੀ ਗਤੀ। ਜੋਗ ਸੰਨਿਆਸ ਦਾ ਤਾ ਇਹ ਹਸ਼ਰ ਹੋਇਆ। ਹੁਣ ਰਿਹਾ ਗ੍ਰਿਹਸਤ ਆਸ਼੍ਰਮ। ਦੋਹਾਂ ਮਤਾਂ ਦੇ ਵਡੇ ਵਡੇ ਰਾਜੇ ਸ਼ਾਹ ਸੁਲਤਾਨ ਅਰਬਾਂ ਖਰਬਾਂ ਦੇ ਖ਼ਜ਼ਾਨੇ ਦਿਰਮ ਦਰਬਾਂ ਨਾਲਿ ਭਰ ਭਰ ਕੇ ਮਰ ਗਏ। ਸਾਰੀ ਉਮਰ ਉਹਨਾਂ ਦੀ, ਇਸ ਦਰਬ-ਸੰਚਨੀ ਮਾਇਆ ਇਕੱਤਰ ਕਰਨ ਵਿਚਿ ਹੀ ਵਿਹਾ ਗਈ, ਪਰ ਉਹਨਾਂ ਦੇ ਹਥਿ ਕਖ ਭੀ ਨਾ ਆਇਆ। ਨਾ ਉਹਨਾਂ ਦਾ ਕਖ ਰਿਹਾ, ਨਾ ਉਹਨਾਂ ਦੇ ਦਰਬ ਭਰੇ ਭੰਡਾਰ ਦਾ ਕਖ ਰਿਹਾ। ਸਗੋਂ ਇਸ ਦਰਬ-ਸੰਚਨੀ ਹਵਸ ਵਿਚਿ ਉਹ ਆਪਣਾ ਦੀਨੋ ਈਮਾਨ ਭੀ ਗੰਵਾ ਬੈਠੇ। 'ਤਪੋਂ ਰਾਜ ਰਾਜੋਂ ਨਰਕ' ਵਾਲੀ ਦੁਰਗਤੀ ਓਹਨਾਂ ਦੀ ਹੋਈ। ਸੋਨੇ ਦੇ ਭਾਰੀ ਭਾਰੀ ਕਿਲੇ ਬਣਾਉਣ ਵਾਲਿਆਂ ਰਾਜਿਆਂ ਦਾ ਕਖ ਨਾ ਰਿਹਾ, ਨਾ ਹੀ ਉਹਨਾ ਨੂੰ ਕਖ ਮਿਲਿਆਂ। "ਮਾਇਆ



www.AKJ.Org

ਮਿਲੀ ਨਾ ਰਾਮ''। ਬੜੇ ਬੜੇ ਬੇਦ-ਵੇਤਾ ਅਤੇ ਬੇਦ-ਗਿਆਤਾ ਪੰਡਿਤ ਫਿਲਾਸਫ਼ਰ ਬੇਦਾਂ ਨੂੰ ਪੜ੍ਹਿ ਪੜ੍ਹਿ ਮਰ ਗਏ। ਏਹਨਾਂ ਬੇਦਾਚਾਰੀ ਪੰਡਿਤਾਂ ਦੀ ਸਗੋਂ ਉਲਟੀ ਦੁਰਗਤੀ ਹੋਈ, ਹੋਰ ਤਾਂ ਹੋਰ, ਸਭ ਤੋਂ ਵਡਾ ਬੇਦਾਚਾਰੀ ਪੰਡਿਤ, ਬੇਦਾਂ ਦੇ ਰਚਨਹਾਰਾ ਬ੍ਰਹਮਾ ਬੇਦਾਂ ਦਾ ਕਰਤਾ ਹੁੰਦਾ ਹੋਇਆ ਅੰਤ ਦੁਰਗਤੀ ਪਾ ਕੇ ਹੀ ਮਰਿਆ। ਨਾਰੀ ਦਾ ਰੂਪ ਦੇਖ ਦੇਖ ਕੇ ਮਰਨਹਾਰੇ ਪੰਡਿਤਾਂ ਦੀ ਗਤੀ ਭੀ ਕਦੇ ਹੋ ਸਕਦੀ ਹੈ? ਭਾਵੇਂ ਸਾਰੀ ਉਮਰ ਬੇਦਾਚਾਰ ਕਰਿ ਹਫ ਥਕਿਆ ਹੋਵੇ। ਐਸੇ ਦੁਰਗਤੀ ਪਾ ਕੇ ਜਾਣ (ਮਰਨ) ਵਾਲੇ ਬੇਦ-ਪੰਡਿਤਾਂ ਨੇ ਭਲਾ ਅਬਿਗਤਿ ਪਰਮਾਤਮਾ ਦੀ ਗਤਿ ਨੂੰ ਕੀ ਜਾਣ ਸਕਣਾ ਸੀ। ਅਬਿਗਤਿ ਸੋ ਹੈ। ਜਿਸ ਗਤਿ ਨੂੰ ਕੋਈ ਅਲਪੱਗ ਪੁਰਸ਼ ਨਹੀਂ ਪਾ ਸਕਦਾ, ਚਾਹੇ ਬ੍ਰਹਮਾ ਸਾਰ੍ਹਖਾ ਬੇਦ-ਕਰਮਾਰੀ ਕਰਮ ਫਿਲਾਸਫਰ ਹੋਵੇ। ਕਰਮ ਫ਼ਿਲਾਸਫ਼ੀ ਸਿਖਲਾਈ, ਦ੍ਰਿੜ੍ਹਾਈ, ਪਰ ਕਿਸੇ ਕੰਮ ਨਾ ਆਈ। ਉਹ ਹਿਮਾਲਾ ਪਰਬਤ ਦੀਆਂ ਬਰਫ਼ਾਂ ਵਿਚਿ ਹੀ ਜਾ ਕੇ ਗਲੇ।

ਵਾਹਿਗੁਰੂ ਦੇ ਨਿਰੰਕਾਰੀ ਨਾਮ ਬਿਨਾਂ ਸਾਰੇ ਹੀ ਖੁਆਰ ਹੋ ਕੇ ਮਰੇ। ਆਪਣੇ ਅੰਦਰਿ ਹੀ ਝਾਤੀ ਮਾਰ ਕੇ ਗਹੁ ਕਰ ਕੇ ਦੇਖ ਲੈਣ ਕਿ ਉਪਰਲਿਆਂ ਫੋਕਟ ਕਰਮਚਾਰੀਆਂ ਦੀ ਕੀ ਗਤਿ ਹੋਈ ਹੈ ਅਤੇ ਉਹਨਾਂ ਨੇ ਕਿੰਨੀ ਕੁ ਗਤਿ ਪਾਈ ਹੈ। ਸਿਰੀ ਕਬੀਰ ਸਾਹਿਬ ਨੇ ਤਾਂ ਸਤਿਗੁਰੂ ਦਿੱਬ ਦ੍ਰਿਸ਼ਟਾਈ ਦ੍ਰਿਸ਼ਟੀ ਦੁਆਰਾ ਨਿਸਚਿੰਤ ਕਰ ਕੇ ਫ਼ੈਸਲਾ ਦੇ ਦਿਤਾ ਹੈ ਕਿ ਕਿਸੇ ਦੀ ਭੀ ਏਹਨਾਂ ਵਿਚੋਂ ਗਤਿ ਕਲਿਆਣ ਨਹੀਂ ਹੋਈ। ਭਗਤ ਜਨਾਂ ਦੀ, ਕਬੀਰ ਸਾਰਖੇ ਪੁਜੇ ਹੋਏ, ਪੁੱਗੇ ਹੋਏ ਭਗਤ ਜਨਾਂ ਦੀ ਅੰਤਰ ਸਿਮਰਨ-ਸ਼ਕਤੀ ਅਕਾਲ ਪੁਰਖ ਨਾਲਿ ਇਕ-ਮਿਕ ਹੋਈ ਸੁਰਤਿ ਫ਼ਿਲਾਸਫ਼ੀ ਦਾ ਇਹ ਸਿੱਟਾ ਹੈ, ਜੋ ਕੁਝ ਉਪਰਲੇ ਕਰਮਚਾਰੀਆਂ ਦਾ ਫ਼ੋਟੋ ਖਿਚਿਆ ਗਿਆ ਹੈ। ਉਪਰਲੇ ਕਰਮਚਾਰੀਆਂ ਦੇ ਆਨਮਤ ਪੁਜਾਰੀ ਅਤੇ ਪੈਰੋਕਾਰ ਭੀ ਆਪੋ ਆਪਣੇ ਮਨਾਂ ਵਿਚਿ ਕੰਘੀ ਮਾਰ ਕੇ ਅਤੇ ਆਪਣੇ ਗਿਰੇਵਾਨ ਵਿਚਿ ਧੌਣ ਪਾ ਕੇ ਤੱਕ ਲੈਣ ਅਤੇ ਆਪੋ ਆਪਣੀ ਮੰਜੀ ਹੇਠਾਂ ਡੰਗੋਰੀ ਫੇਰ ਕੇ ਨਿਰਖ ਲੈਣ, ਨਿਰਣਾ ਕਰਿ ਲੈਣ। ਕਬੀਰ ਸਾਹਿਬ ਦੀ ਕਸ਼ਫ਼ (ਪ੍ਰਗਟ-ਪਾਹਾਰੇ) ਉਪਦੇਸ਼ਨੀ ਸਾਰੀ ਤੱਤ-ਬਿਆਨੀ ਹਰਫ਼ ਹਰਫ਼ ਸਹੀ ਹੈ, ਅਤੇ ਸਦਾਕਤ ਭਰੀ ਹਕੀਕਤ ਹੈ,

ਆਨਮਤਿ ਕਰਮਾਂ ਦੀ ਨਿਸਫਲਤਾ-ਜਨਕ ਨਿਖੇਧੀ ਅਗਲੇ ਗੁਰਵਾਕ ਅੰਦਰਿ ਕੈਸੀ ਨਿਖਾਰ ਕੇ ਕੀਤੀ ਹੈ। ਕੋਈ ਕਸਰ ਬਾਕੀ ਨਹੀਂ ਛਡੀ। ਯਥਾ ਗੁਰਵਾਕ-

ਬੇਦੁ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥ ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥੧॥ ਮਨ ਰੇ ਸਰਿਓ ਨ ਏਕੈ ਕਾਜਾ॥ ਭਜਿਓ ਨ ਰਘੁਪਤਿ ਰਾਜਾ॥੧॥ਰਹਾਉ॥ ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ॥੨॥ ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ॥ ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ॥੩॥ ਪਰਿਓ ਕਾਲੁ ਸਭੈ ਜਗ ਊਪਰਿ ਮਾਹਿ ਲਿਖੇ ਭ੍ਰਮ ਗਿਆਨੀ॥ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥੪॥੩॥

(ਸੋਰਠਿ ਕਬੀਰ ਜੀ, ਪੰਨਾ ੬੫੪)

ਵਿਆਖਿਆ- ਹਿੰਦੂ ਮਤ ਦੇ ਵੇਦਾਂ ਤੇ ਪੁਰਾਨਾਂ ਦੇ ਸਾਰੇ ਸਿਧਾਂਤ ਸੁਣ ਕੇ ਜਿਨ੍ਹਾਂ ਜਿਨ੍ਹਾਂ ਸੁਭ-ਆਸਾ-ਬੰਧੂਆਂ ਨੇ ਓਹਨਾਂ ਸਿਧਾਂਤਾਂ ਅਨੁਸਾਰ ਕਰਮ ਕੀਤੇ ਅਤੇ ਕਰਮਾਂ ਅਨੁਸਾਰੀ ਹੀ ਉਹਨਾਂ ਦੀ ਜਣਾਈ ਹੋਈ ਫਲ-ਪਰਦਾਤਨੀ ਆਸਾ ਕੀਤੀ, ਸੋ ਐਵੇਂ ਅਜਾਈਂ ਹੀ ਗਈ। ਨਾਹੀਂ ਉਹਨਾਂ ਨੂੰ ਕੀਤੇ ਕਰਮਾਂ ਦੇ ਬਾਂਛਤ ਫਲ ਪ੍ਰਾਪਤਿ ਹੋਏ, ਨਾ ਹੀ ਓਹਨਾਂ ਦੀ ਮੁਰਾਦ ਆਸ਼ਾ ਪੂਰੀ ਹੋਈ। ਉਹਨਾਂ ਦੀ ਕਲਿਆਣ ਤਾਂ ਕੀ ਹੋਣੀ ਸੀ, ਉਲਟੇ ਉਹ ਕਾਲ ਨੇ ਹੀ ਗ੍ਰਸਿ ਲਏ ਅਤੇ ਕਾਲ ਦਾ ਹੀ ਲੁਕਮਾ ਹੋ ਕੇ ਚੁਰਾਸੀ ਵਿਚਿ ਜਾ ਪਏ। ਰਹਿੰਦੇ ਖੂਹੰਦੇ ਕਰਮ-ਕਾਂਡੀ ਵਿਦਿਆ ਅਕਲੀ ਸਿਆਣੇ ਲੋਕ ਆਪਣੇ ਆਪ ਨੂੰ ਹੀ ਹੋਰਨਾਂ ਦੀ ਤਰ੍ਹਾਂ ਕਾਲ ਸ਼ਿਕਾਰ ਹੁੰਦੇ ਦੇਖ ਕੇ ਅਤੇ ਚੁਰਾਸੀ ਤੇ ਚੱਕਰ ਵਿਚ ਪੈਂਦੇ ਦੇਖ ਕੇ ਬੇਦਾਂ ਪੁਰਾਨਾਂ ਤੋਂ ਅਤੇ ਬੇਦਾਚਾਰੀ ਪੁਰਾਨ-ਕਥਾਊ ਪੰਡਤਾਂ ਤੋਂ ਭੀ ਅਸ਼ਰਧਕ ਅਤੇ ਨਿਰਾਸ਼ੇ ਹੋ ਗਏ। ਫੋਕੀ ਸਿਆਣਪਾਂ ਦੇ ਪੁਤਲੇ ਕਰਮ ਕਾਂਡੀ ਮਨ ਦੇ ਮਾਲਕਾਂ ਮੁਨੀਸ਼ਰਾਂ, ਜੋਗੀਸ਼ਰਾਂ, ਤਪੀਸਰਾਂ ਪਾਸੋਂ ਅਨੇਕਾਂ ਵੇਦਾਂ ਪੁਰਾਨਾਂ ਦਾ ਹੀ ਕਰਮ


www.AKJ.Org

ਕਰ ਕੇ ਉਹਨਾਂ ਦਾ ਕੋਈ ਭੀ ਮਨੋਰਥ ਪੂਰਾ ਨਾ ਹੋ ਸਕਿਆ। ਅਨੇਕਾਂ ਕਰਮ ਕੀਤੇ ਬਿਰਥੇ ਗਏ। ਅਵਰ ਕਰਮ ਕਾਜ ਕਿਸੇ ਕੰਮ ਦੇ ਨਹੀਂ। ਜਦ ਇਕੋ ਕਰਨ ਜੋਗ ਕੰਮ 'ਨਾਮੁ' ਸਿਫਤਿ ਸਾਲਾਹੀ ਕਰਮ ਕਰਨਾ ਉਹਨਾਂ ਤੋਂ ਨਾ ਸਰਿਆ। ਸਰ ਹੀ ਨਹੀਂ ਸਕਦਾ, ਕਿਉਂਕਿ ਏਹਨਾਂ ਆਨਮਤ ਧਰਮ-ਪੁਸਤਕਾਂ ਵਿਚਿ ਕੇਵਲ ਫੋਕਟ ਕਰਮ-ਕਾਂਡ ਕਰਨ ਦੀ ਹੀ ਤਾਲੀਮ ਮਿਲਦੀ ਹੈ। ਜੋ ਕਾਮਨਾ ਅਰਥ ਕੀਤੇ ਜਾਂਦੇ ਹਨ। ਨਾਮ ਨਿਹਕਾਮ ਦੀ ਇਹਨਾਂ ਪੁਸਤਕਾਂ ਬੇਦਾਂ ਪੁਰਾਨਾਂ ਅੰਦਰਿ ਕਰਮਸੁਕਰਮੀ ਹੋਣ ਦਾ ਜ਼ਿਕਰ ਹੀ ਨਹੀਂ ਕੀਤਾ ਹੋਇਆ। ਇਹ ਸਾਰ ਪਦਾਰਥ ਤਾਂ ਗੁਰੂ ਘਰ ਤੋਂ ਹੀ ਮਿਲਦਾ ਹੈ। ਜਦ ਤਾਈਂ ਸੱਚੇ ਰਮਤ ਰਾਮ ਵਾਹਿਗੁਰੂ ਪਰਮਾਤਮਾ ਦੇ ਨਾਮ ਦਾ ਸਿਮਰਨ ਭਜਨ ਨਾ ਕੀਤਾ ਜਾਵੇ ਅਤੇ ਸੱਚੜਾ ਸਿਫਤਿ ਸਾਲਾਹੀ ਕਰਮ ਨਾ ਕੀਤਾ ਜਾਵੇ, ਓਦੋਂ ਤਾਈਂ ਫੋਕਟ ਕਰਮ ਕਰਨਹਾਰਿਆਂ ਦਾ ਕੱਖ ਨਹੀਂ ਬਣਦਾ। ਫੋਕਟ ਕਰਮ ਕੀਤੇ ਤੋਂ ਰਤਾ ਭਰ ਭੀ ਆਸ ਪੂਰਤੀ ਨਹੀਂ ਹੁੰਦੀ। ਕਬੀਰ ਸਾਹਿਬ ਦੇ ਸਮੇਂ ਖਾਸ ਕਰਕੇ ਅਤੇ ਹੁਣ ਭੀ ਆਮ ਤੌਰ ਤੇ ਹਿੰਦੂਆਂ ਅੰਦਰਿ ਰਮਤ ਰਾਮ ਨੂੰ ਰਾਮ ਰਾਜਾ ਜਾਂ ਰਘੁਪਤਿ ਰਾਜਾ ਕਹਿ ਕੇ ਪੁਕਾਰਨ ਦੀ ਅੱਲ ਪਈ ਹੋਈ ਸੀ, ਪ੍ਰੰਤੂ ਕਬੀਰ ਸਾਹਿਬ ਦਾ ਅਤੇ ਹੋਰ ਸਾਰੇ ਹਕੀਕਤ ਮਾਰਫ਼ਤ ਦਰਸੀ ਭਗਤ ਜਨਾਂ ਦਾ ਵਿਸ਼ੇਸ਼ ਕਰਕੇ ਗੁਰਮਤਿ ਮਾਰਗੀਆਂ ਦਾ ਨਿਸ਼ਾਨਾ ਅਪੰਰਪਰ ਨਿਰੰਕਾਰੀ ਰਾਮ ਤੋਂ ਹੀ ਹੈ। ਹਿੰਦੂਆਂ ਦੀ ਅਨਮਤਰੀ ਸੰਬੋਧਨ ਕਰ ਕੇ ਪਰਚਲਤ ਪਿਰਤ ਪਈ ਅਨੁਸਾਰ ਚਾਹੇ ਕੁਛ ਕਹਿ ਕੇ ਸੰਬੋਧਿਆ ਜਾਵੇ, ਬੀਠਲ, ਰਾਜਾ ਰਾਮ ਚੰਦ, ਰਘੁਨਾਥ, ਰਘੁਪਤਿ ਆਦਿ ਪਦ ਗੁਰਮਤਿ ਅੰਦਰਿ ਇਕ ਅਕਾਲ ਪੁਰਖ ਦੀ ਹਸਤੀ, ਨਿਰਗੁਣ ਸਰੂਪ ਹਸਤੀ ਦੇ ਹੀ ਲਖਾਇਕ ਹਨ। ਸਰਗੁਣ ਹਸਤੀ ਦੇ ਜਣਾਇਕ ਨਹੀਂ। ਅਗੇ ਫੇਰ ਅਗਲੀ ਦੁਤੁਕੀ ਅੰਦਰ ਇਸੇ ਕਰਮ-ਕਾਂਡਨੀ ਉਪਾਸ਼ਨਾ ਦੀ ਇਉਂ ਨਿਖੇਧੀ ਕੀਤੀ ਗਈ ਹੈ-' ਬਨਾਂ ਖੰਡਾਂ ਜੰਗਲਾਂ ਵਿਚਿ ਜਾ ਕੇ ਜੋਗ ਸਾਧਿਆਂ, ਤਪ ਤੇ ਭਰਮਣ ਕੀਤਿਆਂ ਅਤੇ ਜੜਾਂ ਬੂਟੀਆਂ ਫਲਾਂ ਨੂੰ ਖਾ ਕੇ ਨਿਰਬਾਹ ਕਰਦਿਆਂ ਇਹ ਜੋਗ ਤਪ ਆਦਿਕ ਅਨਮਤਿ ਕਰਮ ਕਰ ਕੇ ਭੀ ਕੁਛ ਨਹੀਂ ਬਣਦਾ। ਨਾਦੀ ਬੇਦੀ ਸ਼ਬਦੀ ਮੋਨੀ ਚੌਹਾਂ ਭੇਖਾਂ ਵਾਲੇ, ਅਰਥਾਤ ਨਾਦ ਨਰਸਿੰਘੇ ਬਜਾਉਣ ਵਾਲੇ ਜੋਗੀ ਬੇਦ ਦੀਆਂ ਰਿਚੀਆਂ ਉਚੀ ਧੁਨੀਆਂ ਨਾਲਿ ਉਚਾਰਨਹਾਰੇ ਸੁਆਮੀ ਸੰਨਿਆਸੀ, ਅਲਖ ਜਗਾ ਕੇ ਉਚੀ ਸੁਰ ਨਾਲ ਪੁਕਾਰਨ ਵਾਲੇ ਦਤਾ-ਤ੍ਰੇ ਸਾਰਖੇ ਅਵਿਧੂਤ ਅਤੇ ਮੋਨ ਧਾਰਨਹਾਰੇ ਮੋਨੀ ਮੁਨੀ ਇਹ ਸਭੇ ਜਮ ਦੇ ਪਟੇ ਵਿਚਿ ਲਿਖੇ ਗਏ ਹਨ। ਜਮਦੂਤਾਂ ਦੇ ਹਵਾਲੇ ਹੀ ਹੋਣਗੇ। ਜਮ ਨੂੰ ਜੋ ਸਨਦ ਮਿਲੀ ਹੋਈ ਹੈ ਸਚੀ ਰੱਬੀ ਸਰਕਾਰ ਵਲੋਂ ਕਿ ਫਲਾਣੇ ਫਲਾਣੇ ਕਰਮਾਂ ਵਾਲੇ ਪੁਰਸ਼ ਤੇਰੇ ਸੀਗ਼ੇ (ਸ਼੍ਰੇਣੀ) ਵਿਚਿ ਲਿਖੇ ਗਏ ਹਨ, ਇਹ ਚਾਰੇ ਉਪਰ ਦਸੇ ਭੇਖਾਂ ਵਾਲੇ ਉਸੇ ਪਟੇ ਵਾਲੀ ਫ਼ਰਿਸਤ ਵਿਚਿ ਆ ਗਏ ਅਤੇ ਜਮਦੂਤਾਂ ਦੇ ਸਪੁਰਦ ਹੋਣਾ ਤਿਨ੍ਹਾਂ ਦਾ ਲਿਖਿਆ ਗਿਆ। ਉਸ ਪ੍ਰਕਾਰ ਦੀ ਭਗਤੀ ਜੋ ਨਾਰਦ ਰਿਖੀ ਨੇ ਦਸੀ ਦ੍ਰਿੜ੍ਹਾਈ, ਉਹ ਤਾਂ ਉਹਨਾਂ ਦੇ ਰਿਦੇ ਵਿਚਿ ਨਾ ਆਈ, ਨਾ ਸਮਾਈ, ਤਿਸ ਭਗਤੀ ਨੇ ਕੁਛ ਕਾਟ ਨਾ ਕੀਤੀ, ਕੁਛ ਅਸਰ ਨਾ ਕੀਤਾ, ਸਰੀਰ ਨੂੰ ਤੁਛ ਮੁਛ ਕੇ ਹੀ ਬਣਾਈ ਸੰਵਾਰੀ ਰਖਣ ਦੀ ਹੀ ਨਾਰਦਮੁਨੀ ਵਾਲੀ ਰੀਝ ਰੀਸ ਕੀਤੀ, ਡਿੰਭ ਭਗਤੀ ਹੀ ਸਾਧੀ। ਸਰੀਰ ਸਾਧਿਆ, ਮਨ ਨਹੀਂ ਸਾਧਿਆ। ਮਨ ਸਾਧਿਆ ਹੀ ਨਹੀਂ ਜਾ ਸਕਦਾ ਪ੍ਰੇਮਾਭਗਤੀ ਗੁਰਮਤਿ ਭਗਤੀ ਤੋਂ ਬਿਨਾਂ, ਐਵੇ ਰਾਗ ਰਾਗਨੀ ਗਾਇ ਕੇ ਲੋਕਾਂ ਨੂੰ ਰੀਝਾਉਣ ਦਾ ਡਿੰਭ ਹੀ ਰਚਿਆ ਹੈ। ਇਸ ਬਿਧਿ ਆਪਣੇ ਆਪ ਨੂੰ ਬੜਾ ਪ੍ਰਸਿਧ ਕੀਤਾ। ਜਿਨ੍ਹਾਂ ਨੂੰ ਇਸ ਪਾਖੰਡ ਦੁਆਰਾ ਲੋਕਾਂ ਵਿਚ ਡਿੰਭੀ ਹੋ ਕੇ ਬੈਠਣ ਦਾ ਚਸਕਾ ਪਿਆ ਹੋਇਆ ਹੈ, ਉਹਨਾਂ ਨੂੰ ਭਲਾ ਪ੍ਰੇਮਾ ਭਗਤੀ ਨਾਲਿ ਕੀ ਵਾਸਤਾ ਹੈ। ਉਹਨਾਂ ਨੇ ਤਾਂ ਜਮਾਂ ਦੇ ਵਸਿ ਹੀ ਪੈਣਾ ਹੈ। ਹਰੀ ਪ੍ਰਮਾਤਮਾ ਪਰਮੇਸ਼ਰ ਦੇ ਤਾਂ ਓਹ ਰਾਹ ਹੀ ਨਹੀਂ ਚਲਦੇ, ਪਰਮੇਸ਼ਰ ਪਾਸੋਂ ਉਹਨਾਂ ਨੇ ਕੀ ਲੈਣਾ ਹੈ, ਨਾਲੇ ਪਰਮਾਰਥ ਦੇ ਰਾਹ ਪੈਣ ਦਾ ਉਹਨਾਂ ਦਾ ਵਾਸਤਾ ਹੀ ਕੋਈ ਨਹੀਂ। ਐਸੇ ਡਿੰਭੀਆਂ, ਕਰਮ-ਕਾਂਡੀਆਂ ਨੂੰ ਨਾ ਪਰਮਾਰਥ ਦੀ ਪ੍ਰਾਪਤੀ ਹੋਣੀ ਹੈ ਨਾ ਹੀ ਪਰਮੇਸ਼ਰ ਦੀ। ਉਹਨਾਂ ਦੇ ਪੱਲੇ ਤਾਂ ਡਿੰਭ ਕਰਮ ਹੀ ਰਹਿ ਜਾਣੇ ਹਨ, ਜਿਨ੍ਹਾਂ ਕਰਕੇ ਉਹ ਜਮਾਂ ਦੇ ਹਵਾਲੇ ਹੀ ਹੋਣਗੇ। ਨਾ ਉਹਨਾਂ ਨੂੰ ਪਰਮਾਰਥ ਦੀ ਪ੍ਰਾਪਤੀ ਹੁੰਦੀ ਹੈ ਨਾ ਪਰਮਾਤਮਾ ਦੀ। ਸਾਰੇ ਸੰਸਾਰ ਅਤੇ ਸੰਸਾਰ



www.AKJ.Org

ਭਰ ਦੇ ਸਮੂਹ ਅਨਮਤ ਕਰਮ-ਚਾਰੀਆਂ ਨੂੰ ਕਾਲ ਦੇ ਚੱਕਰ ਨੇ ਗ੍ਰਾਸ ਲਿਆ ਹੈ, ਜਿਸ ਕਾਰਨ ਉਹਨਾਂ ਨੂੰ ਚੁਰਾਸੀ ਦੇ ਗੇੜ ਵਿਚਿ ਪੈਣਾ ਪੈਂਦਾ ਹੈ। ਉਸ ਗੇੜ ਦੇ ਲੇਖੇ ਵਿਚਿ (ਜਮ ਦੇ ਪਟੇ ਵਿਚਿ) ਭਰਮ ਗਿਆਨੀ ਭੀ ਲਿਖੇ ਗਏ ਹਨ। ਗਿਆਨੀ ਕਹਾਉਣ ਵਾਲੇ ਜਿਹੜੇ ਅਜੇ ਭਰਮਦੇ ਹੀ ਫਿਰਦੇ ਹਨ ਉਹਨਾਂ ਦਾ ਨਾਮ ਭਰਮ ਗਿਆਨੀ ਹੈ। ਅਨਮਤ ਗਿਆਨ ਦੇ ਗਿਆਨੀ ਸਭ ਭਰਮ ਗਿਆਨੀ ਹੀ ਹਨ। ਸਭ ਕਾਲ ਦੇ ਚੱਕਰ ਅਤੇ ਚੁਰਾਸੀ ਦੇ ਗੇੜ ਅੰਦਰਿ ਗਿਣੇ ਗਏ ਹਨ। ਕਰਮ ਕਾਂਡ ਦੀ ਬੰਧਨਾਂ ਵਿਚ ਸਾਰੇ ਹੀ ਆਨਮਤ ਫੋਕਟ ਗਿਆਨੀ ਹਨ। ਉਹ ਜਨ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋਏ ਹਨ, ਜਿਨ੍ਹਾਂ ਨੂੰ ਗੁਰੂ ਦੁਆਰਿਓਂ ਗੁਰੂ ਘਰ ਤੋਂ ਪ੍ਰੇਮਾਂ ਭਗਤੀ ਪ੍ਰਾਪਤਿ ਹੋਈ ਹੈ, ਸੋਈ ਜਨ ਪ੍ਰੇਮਾ ਭਗਤੀ ਦੀ ਕਮਾਈ ਕਰ ਕੇ ਸੱਚੀ ਆਜ਼ਾਦੀ ਨੂੰ ਪ੍ਰਾਪਤਿ ਹੋਏ ਹਨ। ਅਤੇ ਸੱਚੇ ਖਾਲਸੇ ਆਨਮਤੀ ਕਰਮਾਂ ਦੀ ਕੈਦ ਤੋਂ ਰਹਿਤ ਖਾਲਸ ਜਨ ਹੋ ਗਏ ਹਨ। ਆਨਮਤਿ ਕਰਮੀਏ ਕਦੇ ਏਸ ਆਜ਼ਾਦੀ ਨੂੰ ਪ੍ਰਾਪਤਿ ਨਹੀਂ ਹੋ ਸਕਦੇ। ਓਹ ਸਦਾ ਬੰਧਨ ਬੱਧੇ ਚੁਰਾਸੀ ਦੇ ਗੇੜ ਵਿਚ ਹੀ ਘੁੰਮਦੇ ਰਹਿੰਦੇ ਹਨ, ਭਾਵੇਂ ਕਿਤਨੇ ਹੀ ਉਗੱਰ ਕਰਮ ਆਨਮਤਿ ਧਰਮ ਦੇ ਕਰ ਲੈਣ। ਅਗਲੇ ਗੁਰਵਾਕ ਅੰਦਰਿ ਭੀ ਆਨਮਤਿ ਫੋਕਟ ਕਰਮ ਦੀ ਪੋਲ੍ਹ ਖੋਲ੍ਹੀ ਹੈ। ਯਥਾ ਗੁਰਵਾਕ-

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥੧॥ਪ੍ਰਭੂ ਜੀ ਕੋ ਨਾਮੁ ਜਪਤ ਮਨ ਚੈਨ॥ ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ॥ ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ॥ ਇਹ ਬਿਧਿ ਨਹਿ ਪਤੀਆਨੋ ਠਾਕੁਰੁ ਜੋਗ ਜੁਗਤਿ ਕਰਿ ਜੈਨ॥੨॥ ਅੰਮ੍ਰਿਤ ਨਾਮ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ॥ ਸਾਧ ਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ॥੩॥੧੩॥

(ਧਨਾਸਰੀ ਮ:੫, ਪੰਨਾ੬੭੪)

ਇਸ ਗੁਰਵਾਕ ਦਾ ਤੱਤ ਭਾਵ ਇਸ ਬਿਧਿ ਵਿਆਖਤ ਹੈ- ਕਈ ਮੱਤਾਂ ਦੇ ਕਰਮਾਂ ਵਾਲੇ ਪੂਜਾ ਵਰਤ ਰੱਖਣੇ ਜਿਤਨੇ ਭੀ ਨੇਮ ਹਨ, ਨ੍ਹਾ ਕੇ ਮੱਥੇ ਟਿੱਕੇ ਲਾਉਣ ਆਦਿਕ ਕਿਰਿਆ ਵਾਲੇ ਜਿਤਨੇ ਭੀ ਪਾਖੰਡ ਹਨ, ਬਹੁਤਾ ਦਾਨ ਦੇਣ ਵਾਲੇ ਜਿਤਨੇ ਭੀ ਅਨਮਤ ਕਰਮ ਹਨ, ਸਭ ਫੋਕਟ ਹਨ। ਇਹਨਾਂ ਸੰਜਮਾਂ ਵਿਚੋਂ ਕਿਸੇ ਸੰਜਮ ਦੁਆਰਾ ਭੀ ਸੁਆਮੀ ਪਰਮਾਤਮ ਦੇਵ ਨਹੀਂ ਭਿਜਦਾ, ਰੀਝਦਾ। ਮੁਖੋਂ ਮਿਠੇ ਬੋਲ ਬੋਲਿਆਂ ਭੀ ਕੁਛ ਨਹੀਂ ਬਣਦਾ। ਅਕਸਰ ਇਹ ਮਿਠ-ਬੋਲੀਏ ਉਪਰੋਂ ਉਪਰੋਂ ਹੀ ਮਿੱਠਾ ਬੋਲਦੇ ਹਨ, ਅੰਦਰਿ ਓਹਨਾਂ ਦੇ ਕਪਟ ਵਿਕਾਰ ਕੁਟਲਤਾ ਦੀ ਕਾਤੀ ਹਰਦਮ ਫਿਰਦੀ ਰਹਿੰਦੀ ਹੈ। ਇਉਂ ਭਲਾ ਅੰਤਰਜਾਮੀ ਪ੍ਰਮਾਤਮ ਪਤੀ ਰੀਝਦਾ ਹੈ? ਕਦਾਚਿਤ ਨਹੀਂ। ਹੋਰ ਕਿਸੇ ਕਰਮ ਕੀਤਿਆਂ ਮਨ ਨਹੀਂ ਪਰਚਦਾ। ਮਨ ਨੂੰ ਕਿਸੇ ਭੀ ਆਨਮਤ ਕਰਮ ਦੇ ਕਰਨ ਤੋਂ ਚੈਨ ਨਹੀਂ ਆਉਂਦੀ, ਕੇਵਲ ਵਾਹਿਗੁਰੂ ਦਾ ਨਾਮ ਜਪਿਆਂ ਹੀ ਚੈਨ ਪੈਂਦੀ ਹੈ। ਆਨਮਤ ਕਰਮਾਚਾਰੀ ਅਨਿਕ ਪ੍ਰਕਾਰ ਦੇ ਨਾਨਾ ਬਿਧੀ ਕਰਮ ਕਰ ਕੇ ਵਾਹਿਗੁਰੂ-ਪ੍ਰਾਪਤੀ ਦੀ ਖੋਜ ਕਰਦੇ ਹਨ। ਪ੍ਰੰਤੂ ਵਾਹਿਗੁਰੂ-ਪ੍ਰਾਪਤੀ ਦਾ ਪ੍ਰਮਾਰਥੀ ਪੈਂਡਾ ਬੜਾ ਹੀ ਬਿਖਮ ਹੈ ਕਠਨ ਤੋਂ ਕਠਨ ਹੈ। ਆਨਮਤ ਕਰਮਾਂ ਦਾ ਉਥੇ ਵਸ ਨਹੀਂ ਵਸਾਉਂਦਾ ਅਤੇ ਇਨ ਬਿਧਿ ਅਗਮ ਅਗੋਚਰ ਵਾਹਿਗੁਰੂ ਵਸਿ ਨਹੀਂ ਆਉਂਦਾ, ਲਿਆ ਨਹੀਂ ਜਾਂਦਾ। ਅਨੇਕ ਪਰਕਾਰ ਦੇ ਆਨਮਤ ਜਾਪ ਤਾਪ ਦੇ ਕਰਮ ਸਾਧਣੇ, ਧਰਤੀ ਉਤੇ ਥਾਉਂ ਥਾਈਂ ਭਰਮਦਿਆਂ ਫਿਰਨਾ, ਕਿਤੇ ਟਿਕਣਾ ਹੀ ਨਾ ਅਤੇ ਅਸਮਾਨ ਵਲੇ ਉਚੀਆਂ ਬਾਹਾਂ ਕਰਕੇ ਬਹਿਣਾ। ਇਉਂ ਉਰਧ ਬਾਹੂ ਆਸਣ ਜਮਾ ਕੇ ਘੁਗੂ ਮੱਟ ਸਮਾਧੀਆਂ ਲਗਾਣੀਆਂ ਅਤੇ ਜੈਨ ਮੱਤ ਦੀਆਂ ਜੁਗਤੀਆਂ ਵਰਤਣੀਆਂ, ਹੋਰ ਭੀ ਅਨਿਕ ਪ੍ਰਕਾਰੀ ਜੋਗ ਸਾਧਨਾਵਾਂ ਕਰਨੀਆਂ, ਇਹ ਸਭ ਬਿਰਥੇ ਅਤੇ ਫੋਕਟ ਕਰਮ ਹਨ। ਇਹਨਾਂ ਦੇ ਕੀਤਿਆਂ ਠਾਕੁਰ ਨਹੀਂ ਪਤੀਆਉਂਦਾ। ਜਿਸ ਜਨ ਉਤੇ ਕਿਰਪਾਲੂ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਉਸ ਨੂੰ ਗੁਰੂ ਦੁਆਰਿਓਂ ਗੁਰੂ ਘਰ ਦੇ ਪੰਜਾਂ ਪਿਆਰਿਆਂ ਗੁਰਮੁਖਾਂ ਤੋਂ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਿਫਤਿ ਸਾਲਾਹ ਦਾ ਨਿਰਮੋਲਕ ਖ਼ਜ਼ਾਨਾ ਮਿਲਦਾ ਹੈ, ਜਿਸ ਦਾ ਮੁਲ ਹੀ ਕੋਈ ਨਹੀਂ। ਗੁਰੂ ਘਰ ਦੇ ਸਤਿਸੰਗ ਵਿਚਿ ਪ੍ਰੇਮ ਰੰਗ ਨਾਲਿ ਕੀਰਤਨ ਹਰੀ ਜਸ ਕੀਤਿਆਂ ਸੁਣਿਆਂ ਅਤੇ ਅੰਮ੍ਰਿਤ-ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਵਾਹਿਗੁਰੂ ਭਿਜਦਾ


www.AKJ.Org

ਪਤੀਜਦਾ ਹੈ ਅਤੇ ਏਸੇ, ਕੇਵਲ ਬਿਧ ਹੀ ਪ੍ਰਾਪਤ ਹੁੰਦਾ ਹੈ। ਹੋਰ ਕਿਸੇ ਬਿਧਿ ਨਹੀਂ, ਕਿਸੇ ਕਰਮ ਕੀਤਿਆਂ ਨਹੀਂ। ਵਾਹਿਗੁਰੂ ਨਾਮ ਦੇ ਰੰਗਾਂ ਵਿਚਿ ਨਾਮ-ਕੀਰਤਨ ਦੀਆਂ ਕੀਤੀਆਂ ਅਭਿਆਸ ਕਮਾਈਆਂ ਦੇ ਤ੍ਰੰਗਾਂ ਵਿਚਿ ਗੁਰਮੁਖ ਨਾਮ ਅਭਿਆਸੀਆਂ ਦੀ ਸਾਰੀ ਆਰਬਲਾ (ਆਯੂ) ਹੀ ਸੱਚੜੇ ਆਤਮ ਸੁਖਾਂ ਵਿਚਿ ਵਿਹਾਉਂਦੀ ਹੈ। ਬਸ, ਸਾਰ ਸਿੱਟਾ ਇਹੀ ਹੈ ਕਿ ਵਾਹਿਗੁਰੂ ਨੂੰ ਕੇਵਲ ਗੁਰਮੁਖ ਜਨ ਹੀ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰ ਕੇ ਮਿਲ ਸਕਦੇ ਹਨ, ਨਹੀਂ ਤਾਂ ਵਾਹਿਗੁਰੂ ਚੌਹਾਂ ਵੇਦਾਂ ਦੇ ਬਕਤਾ ਬ੍ਰਹਮਾ ਨੇ ਭੀ ਨਹੀਂ ਜਾਣਿਆ। ਵੇਦਾਂ ਅੰਦਰਿ ਦਰਸਾਏ ਕਰਮਾਂ ਕਾਂਡਾਂ ਦੁਆਰਾ ਵਾਲੇ ਰਿਖੀ ਮੁਨੀ ਭੀ ਵਾਹਿਗੁਰੂ ਦੇ ਤੱਤ ਗਿਆਨ ਤੋਂ ਥੋਥੇ ਹੀ ਹਨ, ਤਾਂ ਉਹਨਾਂ ਦੇ ਬਣਾਏ ਉਚਾਰੇ ਪੁਰਾਣਾਂ ਤੇ ਸਿਮ੍ਰਤੀਆਂ ਨੇ ਕੀ ਸਾਰਨਾ ਹੈ। ਪ੍ਰਮਾਤਮ-ਗਿਆਨ ਪ੍ਰਥਾਇ ਇਕ ਕਸੀਰੇ ਦਾ ਕੰਮ ਭੀ ਨਹੀਂ ਦੇ ਸਕਦੇ ਸਿਮ੍ਰਿਤ ਸ਼ਾਸਤਰ ਪੁਰਾਣ ਆਦਿਕ॥ ਯਥਾ ਗੁਰਵਾਕ-

ਚਾਰਿ ਬੇਦ ਅਰੁ ਸਿੰਮ੍ਰਿਤ ਪੁਰਾਨਾ॥ ਕਮਲਾਪਤਿ ਕਵਲਾ ਨਹੀ ਜਾਨਾਂ॥੩॥ ਕਹਿ ਕਬੀਰ ਸੋ ਭਰਮੈ ਨਾਹੀ॥ ਪਗ ਲਗਿ ਰਾਮ ਰਹੈ ਸਰਨਾਂਹੀ॥੪॥੧॥

(ਧਨਾਸਰੀ ਕਬੀਰ ਜੀ, ਪੰਨਾ ੬੯੧)

ਇਸ ਗੁਰਵਾਕ ਤੋਂ ਇਹ ਭੀ ਸਿਧ ਹੋਇਆ ਕਿ ਲਛਮੀ ਦੇ ਪਤੀ ਵਿਸ਼ਨੂੰ ਨੇ ਭੀ ਨਿਰੰਕਾਰ ਵਾਹਿਗੁਰੂ ਨੂੰ ਨਹੀਂ ਜਾਣਿਆਂ, ਤੱਤ ਗਿਆਨ ਬਿਗਸਾਨੇ ਇਕ-ਮਿਕਤਾ ਵਾਲੇ ਮੇਲ ਕਰਿ। ਲਛਮੀ ਕਉਲਾਂ ਨੂੰ ਤਾਂ ਪ੍ਰਮਾਤਮ ਮਿਲਾਵੇ ਦਾ ਤੱਤ ਗਿਆਨ ਕੀ ਹੋਣਾ ਸੀ? ਹੋ ਸਕਦਾ ਹੀ ਨਹੀਂ, ਐਵੇਂ ਭਰਮਦੇ ਹੀ ਫਿਰਦੇ ਹਨ। ਲਛਮੀ ਭੀ ਅਤੇ ਲਛਮੀ ਦਾ ਪਤੀ ਅਉਤਾਰੀ ਰੂਧਾ ਬਿਸ਼ਨੂੰ ਭੀ। ਕੇਵਲ ਉਹ ਪੁਰਸ਼ ਅਗਿਆਨ ਵਿਚਿ ਨਹੀਂ ਭਰਮਦਾ, ਜੋ ਅਗਿਆਨ ਕਰਮ ਵਿਚਿ ਨਹੀਂ ਪੈਂਦਾ ਅਤੇ ਗੁਰ ਪ੍ਰਸਾਦਿ ਕਰਿ ਵਾਹਿਗੁਰੂ ਦੇ ਚਰਨਾਂ ਨਾਲਿ ਪ੍ਰਾਪਤਿ ਹੋ ਕੇ ਵਾਹਿਗੁਰੂ ਦੀ ਸ਼ਰਨੀ ਹੀ ਸਮਾਇਆ ਰਹਿੰਦਾ ਹੈ, ਵਾਹਿਗੁਰੂ ਨਾਮ ਦਾ ਅਭਿਆਸ ਕਰਦਿਆਂ ਕਰਦਿਆਂ ਵਾਹਿਗੁਰੂ ਵਿਚਿ ਹੀ ਲੀਨ ਹੋ ਜਾਂਦਾ ਹੈ। ਆਨਮਤ ਕਰਮਾਂ ਦੀ ਗਤਿ ਦੇ ਪੋਲ ਨੂੰ ਅਗਲਾ ਗੁਰਵਾਕ ਖ਼ੂਬ ਖੋਲ੍ਹਦਾ ਹੈ। ਯਥਾ ਗੁਰਵਾਕ-

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤ ਸੁਕ੍ਰਿਤ ਥਾਰੋ ਕਰਮੁ ਰੀ॥੧॥ਰਹਾਉ॥
ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥
ਕੁਲ ਜਨ ਮਧੇ ਮਿਲੵਿੋ ਸਾਰੰਗਪਾਨ ਰੇ॥
ਕਰਮ ਕਰਿ ਕਲੰਕੁ ਮਫੀਟਸਿ ਰੀ॥੧॥
ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇ ਰੇ ਸੁਆਰਥੀ
ਪੰਖੀ ਰਾਇ ਗਰੁੜ ਤਾਰੇ ਬਾਧਵਾ॥
ਕਰਮ ਕਰਿ ਅਰੁਣ ਪਿੰਗੁਲਾ ਰੀ॥੨॥
ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ
ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥
ਕਰਮ ਕਰਿ ਕਪਾਲੁ ਮਫੀਟਸਿ ਰੀ॥੩॥
ਅੰਮ੍ਰਿਤ ਸਸੀਅ ਧੇਨ ਲਛਿਮੀ
ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਖਾਰੁ ਮਫੀਟਸਿ ਰੀ॥੪॥
ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ॥
ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ॥
ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥
ਬਦਤਿ ਤ੍ਰਿਲੋਚਨ ਰਾਮ ਜੀ॥੬॥੧॥

(ਧਨਾਸਰੀ ਤ੍ਰਿਲੋਚਨ ਜੀ, ਪੰਨਾ ੬੯੫)

ਪੁੰਨ ਅਤੇ ਪਾਪ ਮਈ ਅਨਮਤੀ ਕਰਮ ਕੀਤੇ ਭੁਗਤਣੇ ਹੀ ਪੈਂਦੇ ਹਨ। ਇਹਨਾਂ ਦਾ ਫਲ ਅਮਿੱਟ ਹੈ। ਚਾਹੇ ਇਹਨਾਂ ਕਰਮਾਂ ਦੇ ਕਰਨਹਾਰ ਦੇ ਹਰ ਦੰਮ ਸਹਾਈ ਵਡੇ ਵਡੇ ਮੰਨੇ ਪ੍ਰਮੰਨੇ ਦੇਵਤੇ ਹੀ ਹੋਣ। ਆਨਮਤਿ ਕਰਮਾਂ ਦੀ ਲਾਗ ਤੇ ਲਿਥੇੜ ਬਣੀ ਹੀ ਰਹਿੰਦੀ ਹੈ। ਆਨਮਤੀ ਮੰਨੇ-ਪ੍ਰਮੰਨੇ ਅਵਤਾਰਾਂ ਦੇ ਸਤਾਰੇ ਭੀ ਨਹੀਂ ਮਿਟਾ ਸਕਦੇ। ਇਹ ਉਪਰਲਾ ਗੁਰਵਾਕ ਇਸ ਪ੍ਰਥਾਇ ਉਚਾਰਨ ਹੋਇਆ ਹੈ ਅਤੇ ਕਰਮ-ਗਤੀ ਦਾ ਹੂਬਹੂ ਫ਼ੋਟੋ ਖਿਚਦਾ ਹੈ। ਪਥਾਓ ਤਾਂ ਇਸਦਾ ਇਹ ਹੈ ਕਿ ਤ੍ਰਿਲੋਚਨ ਭਗਤ ਦੀ ਇਸਤ੍ਰੀ ਨੂੰ ਭਗਤ ਦੀ ਇਸਤ੍ਰੀ ਹੋਣ ਕਰਿ ਹੀ ਇਹ ਖ਼ਿਆਲ ਉਠਿਆ ਕਿ ਮੇਰੇ ਘਰਿ ਕੋਈ ਪੁਤਰ ਹੋਵੇ, ਨਿਪੁੱਤੀ ਨਾ ਜਾਵਾਂ। ਇਸ ਆਸ਼ੇ ਨੂੰ ਮੁਖ ਰਖ ਕੇ


www.AKJ.Org

ਉਸ ਨੇ ਪਰਮਾਤਮਾ ਅਗੇ ਬੇਨਤੀ ਕੀਤੀ ਕਿ ਹੇ ਪਰਮਾਤਮਾ ਮੇਰੇ ਘਰਿ ਸਪੁੱਤਰ ਹੋਣ ਤੋਂ ਪਹਿਲਾਂ ਇਕ ਐਸਾ ਹੋਨਹਾਰ ਸੇਵਕ ਨੌਕਰ ਬਖਸ਼ੋ ਜੋ ਹਰ ਪ੍ਰਕਾਰ ਆਗਿਆਕਾਰ ਹੋਵੇ, ਮਨ ਬਾਂਛਤ ਸੇਵਾ ਕਰੇ। ਆਪਣੇ ਭਗਤ ਦੀ ਇਸਤ੍ਰੀ ਹੋਣ ਕਰਿ ਪਰਮਾਤਮਾ ਨੇ ਉਸਦੀ ਬੇਨਤੀ ਪਰਵਾਣ ਕਰ ਲਈ ਅਤੇ ਆਪ ਹੀ ਸੇਵਕ ਦਾ ਰੂਪ ਧਾਰ ਕੇ ਪਰਮੇਸ਼ਰ ਭਗਤ-ਵਛਲ ਭਗਤਾਂ ਦਾ ਪਿਆਰਾ ਤ੍ਰਿਲੋਚਨ ਦੇ ਘਰ ਅਗੇ ਆ ਕੇ ਕਹਿਣ ਲਗਾ, ਕਿ ਮੈਨੂੰ ਨੌਕਰ ਰਖਣਾ ਤਾਂ ਰਖ ਲਵੋ ਜੋ ਕਹੋ ਸੋ ਸੇਵਾ ਕਰੂੰਗਾ, ਜੋ ਕਾਰ ਕਹੋਗੇ ਮੈਂ ਕਮਾਵਾਗਾਂ, ਮੈਨੂੰ ਸਭ ਮਨਜ਼ੂਰ ਹੈ। ਪਰ ਇਕ ਮੇਰਾ ਸੁਭਾਵ ਹੈ ਕਿ ਮੈਂ ਆਪਣੀ ਨਿੰਦਿਆ ਨਹੀਂ ਸੁਣੂੰਗਾ। ਜਦੋਂ ਮੇਰੀ ਨਿੰਦਿਆਂ ਕਰੋਗੇ ਮੈਂ ਓਦੋਂ ਹੀ ਤੱਤ ਛਿਨ ਬਿਨਾਂ ਪੁਛੇ ਤੋਂ ਚਲਿਆ ਜਾਊਂਗਾ। ਉਸਨੂੰ ਨੌਕਰ ਰਖ ਲਿਆ। ਕੰਮ ਮਨ ਬਾਂਛਤ ਬਹੁਤ ਕਰੇ, ਕਦੇ ਭੀ ਕੰਮ ਕਰਦਾ ਨਾ ਥੱਕੇ। ਪਰ ਅੰਨ ਖਾਂਦਾ ਕਦੇ ਮੂੰਹੋਂ ਇਉਂ ਨਾ ਕਹੇ ਕਿ ਮੈ ਰਜ ਗਿਆ ਹਾਂ, ਤ੍ਰਿਪਤ ਹੋ ਗਿਆ ਹਾਂ। ਇਕ ਦਿਨ ਤ੍ਰਿਲੋਚਨ ਭਗਤ ਦੀ ਇਸਤ੍ਰੀ ਆਪਣੀ ਪੜੋਸਨ ਪਾਸ ਆਪਣੇ ਨੌਕਰ ਦੀਆਂ ਸਿਫ਼ਤਾਂ ਕਰਦੀ ਕਰਦੀ ਇਹ ਭੀ ਕਹਿ ਬੈਠੀ ਕਿ ਨੌਕਰ ਤਾਂ ਚੰਗਾ ਮਿਲਿਆਂ ਹੈ ਪਰ ਰੱਜਦਾ ਕਦੇ ਨਹੀਂ, ਕਦੇ ਮੂੰਹੋਂ ਨਹੀਂ ਆਖਦਾ ਕਿ ਮੈਂ ਰੱਜ ਗਿਆ ਹਾਂ, ਇਸ ਨੂੰ ਰੱਜ ਨਹੀਂ ਆਉਂਦਾ। ਇਹ ਨਿੰਦਾ ਹੋਣ ਸਾਰ ਨੌਕਰ ਨੌਕਰੀ ਛਡ ਕੇ ਬਿਨ ਪੁਛੇ ਨਸ ਗਿਆ। ਪਿਛੋਂ ਤ੍ਰਿਲੋਚਨ ਦੀ ਇਸਤ੍ਰੀ ਪਰਮਾਤਮਾ ਨੂੰ ਕੋਸਣ ਨਿੰਦਣ ਲਗੀ ਕਿ ਪਰਮੇਸ਼ਰ ਬੜਾ ਅਨਿਆਈਂ ਹੈ, ਮੇਰੇ ਘਰਿ ਬੇਟਾ ਨਹੀਂ ਦਿਤਾ, ਹੋਰਨਾਂ ਦੇ ਘਰ ਬਥੇਰੇ ਬੇਟੇ ਪੁੱਤਰ ਦਿਤੇ ਹਨ। ਸੇਵਕ ਟਹਿਲੂਆ ਰਖਿਆ ਸੋ ਭੀ ਨਿਰਦਈ ਪਰਮਾਤਮਾ ਨੂੰ ਨਾ ਰੁਚਿਆ, ਨਾ ਭਾਇਆ, ਸੋ ਭੀ ਨਸ ਗਿਆ। ਅਜਿਹੀ ਨਿੰਦਿਆ ਪਰਮੇਸ਼ਰ ਦੀ, ਆਪਣੀ ਇਸਤ੍ਰੀ ਮੁਖੋਂ ਸੁਣ ਕੇ ਤ੍ਰਿਲੋਚਨ ਭਗਤ ਆਪਣੀ ਇਸਤ੍ਰੀ ਸੌਹੇਂ ਇਹ ਬਚਨ ਉਚਾਰਦੇ ਹਨ ਕਿ ਪਰਮੇਸ਼ਰ ਦੀ ਗਿਆਨ-ਗਤੀ ਤੋਂ ਭੁਲੀ ਹੋਈ ਹੇ ਗੰਵਾਰ ਇਸਤ੍ਰੀ ਮੂਰਖਾ ਤੂੰ ਨਾਰਾਇਣ ਦੀ ਨਿੰਦਿਆ ਕਿਉਂ ਕਰਦੀ ਹੈ? ਉਹ ਤਾਂ ਕਰਮਾਂ ਦਾ ਫਲ ਸਭ ਨੂੰ ਦਿੰਦਾ ਹੈ। ਇਹ ਤਾਂ ਤੇਰੇ ਪੁੰਨ ਪਾਪ ਦਾ ਫਲ ਹੈ। ਦੁਖ ਸੁਖ ਤੇਰੇ ਦੁਕ੍ਰਿਤ ਸੁਕ੍ਰਿਤ ਕਰਮ ਕਰਨ ਹੀ ਤੋਂ ਮਿਲਦੇ ਹਨ। ਇਸ ਵਿਚਿ ਕਰਮ ਭੁਗਤਾਉਣਹਾਰੇ ਪਰਮਾਤਮਾ ਦਾ ਕੀ ਦੋਸ਼ ਹੈ। ਕਰਮ ਕੀਤੇ ਕਦੇ ਮਿਟਦੇ ਨਹੀਂ। ਇਹ ਪ੍ਰਥਾਇ ਉਪਦੇਸ਼ ਸਭ ਸੰਸਾਰੀਆਂ ਨੂੰ ਸਾਂਝਾ ਹੈ। ਸਭਨਾਂ ਨੂੰ ਦੁਕ੍ਰਿਤ ਸੁਕ੍ਰਿਤ ਕਰਮ ਕਰ ਕੇ, ਆਨਮਤ ਦਰਸਾਏ ਪੁੰਨ ਪਾਪ ਦੇ ਕਰਮਾਂ ਦੇ ਕਰਨ ਕਰਕੇ ਦੁਖ ਸੁਖ ਭੋਗਣੇ ਹੀ ਪੈਂਦੇ ਹਨ। ਕਰਮਾਂ ਦਾ ਫਲ ਕਦੇ ਮਿਟਦਾ ਨਹੀਂ, ਭੋਗਣਾ ਹੀ ਪੈਂਦਾ ਹੈ। ਇਸ ਬਾਰੇ ਕਈ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਆਪਣੇ ਕਰਮ ਹੀ ਦੁਖ ਸੁਖ ਦਿੰਦੇ ਹਨ। ਇਸ ਨੁਕਤੇ ਨੂੰ ਬੜੇ ਬੜੇ ਸਰਧਾਵਾਨਾਂ ਕਰਮਾਂਚਾਰੀਆਂ ਦੇ ਦ੍ਰਿਸ਼ਟਾਂਤ ਦੇ ਕੇ ਪ੍ਰਤਿਪਾਦਨ ਕਰਦੇ ਹਨ। ਪਹਿਲਾਂ ਦਿਸ੍ਰਟਾਂਤ ਤ੍ਰਿਲੋਚਨ ਭਗਤ ਇਹ ਦਿੰਦੇ ਹਨ ਕਿ ਹਿੰਦੂ ਮਾਈਥਾਲੋਜੀ ਅਨੁਸਾਰ ਸ਼ੰਕਰ (ਸ਼ਿਵਜੀ) ਦੇ ਮੱਥੇ ਤੇ ਵਾਸਾ ਰਖਣ ਵਾਲਾ ਚੰਦਰਮਾ ਅਤੇ ਰੋਜ਼ ਦਿਨ ਰਾਤ (ਹਿੰਦੂਆਂ ਦੀ ਮੰਨੀ ਸ਼ਰਧਾ ਅਨੁਸਾਰ) ਮਹਾਂ ਪਾਪੀ ਸੁਰਸਰੀ (ਗੰਗਾ) ਵਿਚਿ ਇਸ਼ਨਾਨ ਕਰਦਾ ਹੈ ਕਿਉਂਕਿ ਹਿੰਦੂ ਮਾਈਥਾਲੋਜੀ ਦੀ ਮੰਨੀ ਹੋਈ ਗੰਗਾ ਸ਼ਿਵਜੀ ਦੀਆਂ ਜਟਾਂ ਲਿਟਾਂ ਵਿਚਿ ਰਹਿੰਦੀ ਹੈ। ਫੇਰ ਉਸੇ ਦੇ ਨਾਮ ਪਰਚਲਤ ਹੋਈ ਵੀ ਚੰਦਰ-ਬੰਸੀ ਕੁਲ ਵਿਚ ਉਸੀ ਦੇ ਕੁਲ ਦਾ ਪੁਰਖ ਆਪਿ ਭਗਵਾਨ ਧਨਖਧਾਰੀ ਕ੍ਰਿਸ਼ਨ ਉਸ ਦੀ ਕੁਲ ਵਿਚਿ ਉਤਪੰਨ ਹੋਏ। ਜਿਸ ਚੰਦਰਮਾ ਦੇ ਐਸੇ ਵਡੇ ਸਹਾਈ ਹੋਣ, ਉਸ ਦੀ ਕਰਮ ਰੇਖਾ ਭੀ ਨਹੀਂ ਮਿਟੀ। ਕਰਮਾਂ ਕਰਿ ਲਗਾ ਕਲੰਕ (ਦਾਗ) ਉਸ ਦੇ ਚੇਹਰੇ ਤੋਂ ਨਹੀਂ ਮਿਟਦਾ (ਹੁਣ ਤਾਈ ਨਹੀਂ ਮਿਟਿਆ)। ਏਥੇ ਉਸ ਕਲੰਕ ਵਲ ਇਸ਼ਾਰਾ ਹੈ ਜੋ ਚੰਦ ਨੂੰ ਗੋਤਮ ਰਿਸ਼ੀ ਦੇ ਸ੍ਰਾਪ ਤੋਂ ਉਸ ਦੀ ਇਸਤ੍ਰੀ ਅਹੱਲਿਆ ਦਾ ਸਤੁ ਭੰਗ ਕਰਨ ਵਿਚ ਇੰਦਰ ਦੀ ਸਹਾਇਤਾ ਦੇਣ ਦੇ ਦੋਸ਼ ਤੋਂ ਮਿਲਿਆ ਸੀ। ਓਸ ਕਰਮ ਦਾ ਦੋਸ਼ ਓਸ ਦਾ ਅਮੇਟ ਹੀ ਰਿਹਾ, ਮਿਟਿਆ ਨਹੀਂ। ਹੋਰ ਕੀਹਦਾ ਕਰਮ ਦੋਸ਼ ਮਿਟ ਸਕਦਾ ਹੈ?

ਦੂਜਾ ਦ੍ਰਿਸ਼ਟਾਂਤ- ਸਾਰੇ ਬਿਸ਼੍ਵ ਸੰਸਾਰ ਦਾ ਦੀਪਕ (ਦੀਵੇ) ਰੂਪ ਸੁਆਮੀ ਜੋ ਸੂਰਜ ਹੈ, ਤਿਸ ਦਾ ਅਰੁਣ ਨਾਮੇ ਰਥਵਾਹੀ (ਸਾਰਥੀ) ਹੋਇਆ ਹੈ। ਤਿਸ ਅਰੁਣ ਰਥਵਾਹੀ ਦਾ ਸਕਾ ਭਰਾ ਪੰਛੀਆਂ ਦਾ ਰਾਜਾ ਅਤੇ ਬਿਸ਼ਨੂੰ ਦਾ


www.AKJ.Org

ਬਾਹਨ ਅਤੇ ਸਰਬ ਭਗਵਾਨ(ਹਿੰਦੂਆਂ ਦਾ ਮੰਨਿਆ ਹੋਇਆ) ਹੈ, ਬਿਸ਼ਨੂੰ ਦੇ ਬਾਹਨ ਅਤੇ ਸਰਬ ਪੰਛੀਆਂ ਦੇ ਰਾਜੇ ਗਰੜ ਭਗਵਾਨ ਦੇ ਸਕੇ ਭਰਾ ਅਰੁਣ ਦਾ (ਸੂਰਜ ਭਗਵਾਨ ਜਿਸ ਦਾ ਮਾਲਕ ਹੋਵੇ) ਪਿੰਗਲਾਪਣ ਭੀ ਦੂਰ ਨਾ ਹੋਇਆ। ਬੜੇ ਸਹਾਈਆਂ ਤੋਂ ਆਪਣਾ ਪਿੰਗਲਾਪਣ ਦੂਰ ਨਾ ਹੋ ਸਕਿਆ। ਜੋ ਪਿੰਗਲਾਪਣ ਉਸ ਦੇ ਪੂਰਬਲੇ ਕਰਮਾਂ ਕਰਿ ਉਸ ਨੂੰ ਹੋਇਆ ਸੀ। ਪਿਛਲੇ ਜਨਮ ਵਿਚਿ ਅਰੁਣ ਨੇ ਇਕ ਜੀਵ(ਭਿੰਡੇ) ਦੀਆਂ ਲੱਤਾਂ ਤੋੜ ਕੇ ਉਸ ਨੂੰ ਸੀਖ ਤੇ ਭਵਾਇਆ ਸੀ। ਇਸ ਕਰਮ-ਦੋਸ਼ ਵਿਚ ਅਰੁਣ ਪਿੰਗਲਾ ਹੋਇਆ ਸੀ। ਇਹ ਪਿੰਗਲਾਪਣ ਉਸਦਾ ਨਾ ਮਿਟਿਆ, ਨਾ ਹੀ ਉਸ ਦੇ ਪਾਪ ਦਾ ਕਰਮ ਦੋਸ਼ੋ ਮਿਟਿਆ। ਐਡੇ ਵਡੇ ਸਹਾਈਆਂ ਦੇ ਹੁੰਦਿਆਂ ਨਾ ਮਿਟਿਆ, ਬਡੇ ਸਹਾਈਆਂ ਤੋਂ ਆਪਣੀਆਂ ਲੱਤਾਂ ਨਾ ਸੰਵਰਾ ਸਕਿਆ ਅਤੇ ਪਿੰਗਲਾਪਣ ਦੂਰ ਨਾ ਕਰਿ ਸਕਿਆ। ਤਾਂਤੇ ਹੋਰ ਕਉਣ ਆਪਣੇ ਕਰਮ ਫਲ ਮਿਟਵਾ ਸਕਦਾ ਹੈ? ਨਾ ਹੀ ਕੋਈ ਐਸਾ ਵੱਡਾ ਵਡੇਰਾ ਮੇਟਣ ਨੂੰ ਸਮਰਥ ਹੈ। ਆਪਣੇ ਕਰਮਾਂ ਕਰਿ ਅਰੁਣ ਪਿੰਗਲਾ ਹੋਇਆ ਅਤੇ ਪਿੰਗਲਾ ਹੀ ਰਿਹਾ।

ਤੀਜਾ ਦ੍ਰਿਸ਼ਟਾਂਤ- ਸਾਰੀ ਲੋਕੀ ਦਾ ਨਾਥ ਸਦਾਉਣ ਵਾਲਾ ਆਪਣੇ ਪੈਰੋਕਾਰ ਭਗਤਾਂ ਦੇ ਪਾਤਕ ਹਰਨ ਵਾਲਾ (ਪਾਪ ਨਾਸ ਕਰਨ ਵਾਲਾ) ਮਹਾਂ ਦੇਉ ਅਨੇਕਾਂ ਭਾਂਤ ਭਾਂਤ ਦੇ ਤੀਰਥਾਂ ਤੇ ਭਰਮਦਾ ਫਿਰਿਆ, ਪਰ ਉਸਦੀ ਬ੍ਰਹਮਾ ਦੇ ਪੰਜਵੇਂ ਸਿਰ ਕਪਾਟ (ਸਿਰ) ਉਸ ਦੇ (ਮਹਾਂ ਦੇਵ ਦੇ) ਹੱਥ ਨੂੰ ਲਗਿਆ ਉਤਰਿਆ। ਪਰਸੰਗ ਇਉਂ ਹੈ ਕਿ ਬ੍ਰਹਮਾ ਆਪਣੀ ਪੁਤਰੀ ਸਰੁਸਤੀ ਦੇ ਰੂਪ ਤੇ ਮੋਹਤ ਹੋ ਕੇ ਉਸ ਦੇ ਪਿਛੇ ਦੌੜਿਆਂ ਸੀ ਉਸ ਨੂੰ ਫੜਨ ਲਈ, ਅਤੇ ਫੜ ਕੇ ਉਸ ਨਾਲਿ ਭੋਗ ਕਰਨ ਲਈ। ਉਹ ਬਿਚਾਰੀ ਆਪਣੇ ਸਤ ਨੂੰ ਬਚਾਉਣ ਲਈ ਮਹਾਂਦੇਉ ਦੀ ਸਹਾਇਤਾ ਹਿਤ ਧਾਈ (ਦਉੜੀ)। ਮਹਾਂਦੇਉ ਨੇ ਬ੍ਰਹਮਾਂ ਤੋਂ ਤੈਸ਼ ਖਾ ਕੇ ਬ੍ਰਹਮਾ ਨੂੰ ਸੋਧਣ ਲਈ ਉਸ ਦਾ ਪਿਛਾ ਕੀਤਾ ਅਤੇ ਉਸ ਦਾ ਪੰਜਵਾਂ ਸਿਰ ਵਢ ਹੀ ਲਿਆ। ਪਰ ਉਹ ਸਿਰ (ਕਪਾਲ) ਮਹਾਂਦੇਵ ਦੇ ਹੱਥ ਨੂੰ ਚਿਮੜ ਗਿਆ, ਚਿਮੜਿਆ ਹੋਇਆ ਉਤਰੇ ਨਾ। ਬਥੇਰਾ ਤੀਰਥਾਂ ਤੇ ਭਜਿਆ ਗਿਆ। ਤੀਰਥ ਭਰਮਦਾ ਭਰਮਦਾ ਹਥ ਤੋਂ ਕਪਾਲ ਦੀ ਨਵਿਤਰੀ ਰੂਪੀ ਪਾਰ ਨਾ ਪਿਆ। ਧੰਦਾ ਨਾ ਸਰਿਆ, ਕਪਾਲ ਨੂੰ ਹਥੋਂ ਦੂਰ ਕਰਨ ਦਾ; ਜਦ ਤਾਈਂ ਕਪਾਲ ਮੋਚਨ ਨਾ ਪੁਜਾ, ਤਦ ਤਾਈਂ ਕਪਾਲ ਹਥੋਂ ਨਾ ਲੱਥਾ। ਬ੍ਰਹਮਾ ਦੇ ਸਿਰ ਵਢਣ ਦੇ ਦੋਸ਼ ਤੋਂ ਮਹਾਂਦੇਵ ਦੇ ਹੱਥ ਨਾਲਿ ਲਗੀ ਕਪਾਲੀ ਅਮੇਟ ਰਹੀ, ਦੂਰ ਨਾ ਹੋਈ। ਕਰਮ ਨਾ ਮਿਟਿਆ, ਅਮੇਟ ਹੀ ਰਿਹਾ। ਜਦ ਐਸੇ ਸਮਰੱਥ ਮੰਨੇ-ਪਰਮੰਨੇ ਸਮਰੱਥ ਮਹਾਂਦੇਉ ਦਾ ਕਰਮ ਦੋਸ਼ ਨਾ ਮਿਟਿਆ, ਉਸ ਨੂੰ ਭੋਗਣਾ ਹੀ ਪਿਆ ਤਾਂ ਹੋਰ ਕਿਸ ਦਾ ਮਿਟੇਗਾ? ਸਭ ਨੂੰ ਆਪੋ ਆਪਣੇ ਕੀਤੇ ਕਰਮ ਫਲ ਭੋਗਣੇ ਪੈਣਗੇ, ਸਭ ਦੋਸ਼ ਕਰਮਾਂ ਦੇ ਰਾਹੀਂ ਹੀ ਅਰਥਾਤ ਕਰਮ ਭੁਗਤ ਕੇ ਲਹਿਣਗੇ।

ਚੌਥਾ ਉਦਾਹਰਨੀ ਦ੍ਰਿਸ਼ਟਾਂਤ- ਆਨਮਤ ਕਰਮ ਫਲ ਨਾ ਮੇਟੇ ਜਾਣ ਦਾ ਇਹ ਹੈ ਕਿ ਭਾਵੇਂ ਨਦੀਆਂ ਦੇ ਨਾਥ ਸਮੁੰਦਰ ਵਿਚੋਂ ਅੰਮ੍ਰਿਤ (ਸੁਧਾ) ਚੰਦਰਮਾ (ਸਸੀਅਰ) ਕਾਮਧੇਨ, ਲਛਮੀ (ਕਮਲਾ), ਸਾਰੀਆਂ ਕਾਮਨਾ ਪੂਰਨ ਵਾਲਾ ਕਲਪ (ਬ੍ਰਿਛ ਘੋੜਾ, ਬੜਾ ਚਤਰ ਵੈਦ ਧਨੰਤਰ (ਸੁਨਾਗਰ) ਇਤਿਆਦਿਕ ਅਮੋਲਕ ਰਤਨ ਨਿਕਲੇ ਹਨ; ਪਰ ਤਿਸ ਸਮੁੰਦਰ ਦਾ ਭੀ ਕਰਮਾਂ ਦੇ ਮਾਰੇ ਦਾ ਖਾਰਾਪਣ ਨਾ ਮਿਟਿਆ। ਸਮੁੰਦਰ ਨੇ ਅਗਸਤਮੁਨੀ ਰਿਸ਼ੀ ਦੇ ਬ੍ਰਹਮ ਭੋਜ ਤੇ ਨਾ ਜਾਣ ਕਰਕੇ ਉਸ ਰਿਸ਼ੀ ਨੂੰ ਗੁੱਸੇ (ਕਰੋਪ) ਕੀਤਾ ਸੀ, ਜਿਸ ਕਰੋਪੀ ਕਰਕੇ ਅਗਸਤਮੁਨੀ ਨੇ ਸਾਰਾ ਸਮੁੰਦਰ ਸਰਾਪ ਦੇ ਕੇ ਖਾਰਾ ਕਰ ਦਿਤਾ। ਪਰ ਸਮੁੰਦਰ ਦਾ ਉਹ ਖਾਰਾਪਣ ਨਾ ਮਿਟਿਆ। ਖਾਰਾਪਣ ਅਮੇਟ ਰਿਹਾ।

ਪੰਜਵਾਂ ਦ੍ਰਿਸ਼ਟਾਂਤ- ਹਨੂਮਾਨ ਨੇ ਆਪਣੇ ਬਲ ਅਤੇ ਸੁਆਮੀ ਦਾ ਪਰਤਾਪ ਪਰਸਿਧ ਕਰਨ ਹੇਤ ਆਪਣੀ ਪੂਛ ਨਾਲਿ ਲੰਕਾ ਗੜ੍ਹ ਜਲਾ ਦਿਤਾ ਅਤੇ ਲਛਮਣ ਦੇ ਘਾਉ (ਸੱਲ)ਰਾਜ਼ੀ ਕਰਨ ਲਈ ਘਾਉ-ਹਰਨੀ (ਬਿਸੱਲ ਕਰਨੇ ਵਾਲੀ) ਸੰਜੀਵਨੀ ਬੂਟੀ ਹਿਮਾਲਾ ਪਰਬਤ ਤੋਂ ਲਿਆ ਕੇ ਸਿਰੀ ਰਾਮ ਚੰਦਰ ਜੀ ਨੂੰ ਪ੍ਰਸੰਨ ਕਰ ਦਿਤਾ। "ਇਉਂ ਤੋਖੀਲੇ ਹਰੀ" ਏਨੇ ਵਡੇ ਕੰਮ ਕੀਤੇ ਵਡਿਆਂ ਦੀ ਪ੍ਰਸੰਨਤਾ ਲਈ, ਪਰ ਕਰਮ ਦੀ ਮਾਰ ਲੰਗੋਟੀ ਵਾਲਾ ਸਰਾਪ ਉਸ ਦੇ ਗਲੋਂ ਨਾ ਲੱਥਾ। ਓਹ ਕਿਉਂਕਿ ਹਨੂਮਾਨ ਨੇ ਇਕ ਰਿਖੀ ਦੇ ਸਾਰੇ ਬਸਤਰ


www.AKJ.Org

ਪਾੜ ਸਿਟੇ ਸਨ, ਇਕ ਲੰਗੋਟੀ ਹੀ ਉਸ ਦੀ ਰਹਿਣ ਦਿਤੀ ਸੀ। ਲੰਗੋਟੀ ਮਾਤਰ ਲੈ ਕੇ ਰਿਖੀ ਵਲ ਸਿੱਟੀ, ਲੈ ਸਾਂਭ ਰਿਖੀ ਨੇ ਲੈ ਕੇ ਆਖਿਆ, ਬੇਟਾ ਤੈਨੂੰ ਭੀ ਏਨਾ ਹੀ ਬਸਤਰ ਮਿਲੂਗਾ। ਸੋ ਜਦੋਂ ਓਹ ਬੂਟੀ ਲੈ ਕੇ ਆਇਆ, ਸਿਰੀ ਰਾਮ ਚੰਦਰ ਜੀ ਇਸ਼ਨਾਨ ਕਰ ਰਹੇ ਸਨ। ਓਹਨਾਂ ਬੜੀ ਕਿਰਪਾ ਕੀਤੀ, ਉਸ ਨੂੰ ਕਛਉਟੀ ਕਛਨੀ ਦਿਤੀ। ਯਾਂ ਤੇ ਕਰਮ ਦਾ ਫਲ ਅਮੇਟ ਰਹਿਆ ਬੜੇ ਸੁਆਮੀ ਤੋਂ ਭੀ ਨਾ ਮਿਟਿਆ। ਹੋਰਨਾਂ ਜੀਵਾਂ ਦੇ ਕਰਮ ਭੋਗੇ ਬਿਨਾਂ ਕਿਵੇਂ ਮਿਟ ਸਕਦੇ ਹਨ? ਪੂਰਬਲੇ ਜਨਮਾਂ ਦੇ ਕ੍ਰਿਤ ਕਰਮ ਭੋਗੇ ਬਿਨਾਂ ਬੜੇ ਬੜੇ ਸਮਰੱਥ ਪੁਰਸ਼ਾਂ ਤੋਂ ਭੀ ਨਾ ਮਿਟੇ । ਹੇ ਘਰ ਦੀ ਗੇਹਣ ਇਸਤ੍ਰੀ! ਤਾਂਤੇ ਮੈਂ ਸਰਬ ਕਰਮਾਂ ਨੂੰ ਮੇਟਣਹਾਰ ਇਕੋ ਨਿਰੰਕਾਰੀ ਨਾਮ ਜਪਿਆ ਹੈ। ਤੂੰ ਭੀ ਜਪਿਆ ਕਰ। ਵਾਹਿਗੁਰੂ ਦਾ ਨਾਮ ਕੋਟ ਕਰਮਾਂ ਨੂੰ ਕਟਣਹਾਰਾ ਹੈ। ਇਹ ਕੇਵਲ ਗੁਰਮਤਿ ਨਾਮ ਸਤਿਨਾਮ ਹੀ ਹੈ, ਜੋ ਸਮੁੱਚੇ ਕਰਮਾਂ ਨੂੰ ਦਗਧ ਕਰਦਾ ਹੈ। ਇਸ ਦੇ ਤੁਲ ਹੋਰ ਕੋਈ ਕਰਮ ਨਹੀਂ। ਆਨਮਤਿ ਧਰਮਾਂ ਦੇ ਸਭ ਕਰਮ ਫੋਕਟ ਹਨ। ਉਹ ਜੀਵ ਦਾ ਜਨਮ ਮਰਨ ਭੀ ਨਹੀਂ ਕਟ ਸਕਦੇ। ਸਗੋਂ ਚੁਰਾਸੀ ਦੇ ਗੇੜ ਵਿਚਿ ਪਾਉਂਦੇ ਹਨ। ਤਾਂਹੀ ਤੇ ਉਪਰਲੇ ਗੁਰਵਾਕ ਵਿਖੇ ਦਰਸਾਏ ਕਰਮਾਂ ਦੀ ਅਸਫਲਤਾ ਨਿੱਪਸਕਤਾ ਮਈ ਨਿਖੇਧੀ ਕੀਤੀ ਗਈ ਹੈ। (ਚਲਦਾ)

---

(ਪੰਨਾ ੨੨ ਦਾ ਬਾਕੀ...)

ਇਨ੍ਹਾਂ ਡੇਰੇਦਾਰਾਂ ਸੰਤਾਂ ਤੋਂ ਵੀ ਨਿਰਾਲੇ ਕੁਝ ਅਜਿਹੇ ਸੰਤ ਸਾਹਮਣੇ ਆ ਰਹੇ ਹਨ, ਜੋ ਆਪਣੇ ਆਪ ਨੂੰ ਨਿਰੋਲ ਗੁਰਮਤਿ ਦੇ ਪ੍ਰਚਾਰਕ ਅਤੇ ਪੰਥ ਦਾ ਅੰਗ ਹੋਣਾ ਜ਼ਾਹਰ ਕਰਦੇ ਹਨ। ਉਨ੍ਹਾਂ ਦੇ ਸ਼ਾਹਾਨਾ ਡੇਰਿਆਂ 'ਤੇ ਬੜੇ ਅਦੁੱਤੀ ਗੁਰਮਤੀ ਪ੍ਰੋਗਰਾਮ ਉਲੀਕੇ ਜਾਂਦੇ ਹਨ, ਜਿਨ੍ਹਾਂ ਵਿਚ ਕੀਰਤਨ ਦਰਬਾਰ, ਉਘੇ ਵਿਦਵਾਨਾਂ ਦੀਆਂ ਕਥਾ ਤੇ ਵਖਿਆਨ ਅਤੇ ਪੰਥ ਦੇ ਮੁਖੀ ਆਗੂਆਂ ਨੂੰ ਸਨਮਾਨ ਦੇਣ ਦੇ ਸਮਾਰੋਹ ਰਖੇ ਜਾਂਦੇ ਹਨ। ਸਾਰੇ ਪ੍ਰੋਗਰਾਮ ਨੂੰ ਅਜਿਹਾ ਮਨੋਰੰਜਨ ਬਣਾਇਆ ਜਾਂਦਾ ਹੈ ਕਿ ਹਰ ਕੋਈ ਇਸ ਇਕੱਠ ਵਿਚ ਸ਼ਾਮਲ ਹੋਣ ਲਈ ਖਿਚਿਆ ਜਾਂਦਾ ਹੈ। ਆਏ ਹੋਏ ਕੀਰਤਨੀਆਂ ਆਦਿ ਨੂੰ ਮਾਇਆ ਦੇ ਗੱਫਿਆਂ ਨਾਲ ਰਜਾਅ ਦਿੱਤਾ ਜਾਂਦਾ ਹੈ। ਪਰ ਜਦੋਂ ਕਿਤੇ ਅੰਤਰਗਤੀ ਇਨ੍ਹਾਂ ਨਿਰੋਲ ਗੁਰਮਤਿ ਦੇ ਪ੍ਰਚਾਰਕ ਸੰਤਾਂ ਨੂੰ ਵੱਖਰੇ ਤੌਰ 'ਤੇ ਵੇਖਿਆ ਜਾਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਪਾਸ ਆ ਕੇ ਮਾਵਾਂ-ਭੈਣਾਂ ਮੱਥੇ ਟੇਕਦੀਆਂ, ਹਰ ਨੋਟ ਚਰਨਾਂ ਵਿਚ ਭੇਟ ਰਖਦੀਆਂ ਅਤੇ ਅਸੀਸਾਂ ਲੈ ਕੇ ਸੰਤਾਂ ਤੋਂ ਵਰੋਸਾਈਆਂ ਜਾਂਦੀਆਂ ਹਨ।

ਇਹ ਸਭ ਕੁਝ ਵੇਖ ਕੇ ਅੰਤ ਵਿਚ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਬਖ਼ਸ਼ਸ਼ ਕਰ ਕੇ ਸਾਨੂੰ ਸਭਨਾਂ ਨੂੰ ਆਪਣੇ ਸੇਵਾਦਾਰ ਲਾਲੇ ਗੋਲੇ ਹੀ ਬਣਾਈ ਰੱਖਣ ਤੇ 'ਕੁਝ ਬਣ ਬੈਠਣ' ਤੋਂ ਹੱਥ ਦੇ ਕੇ ਰਖਿਆ ਕਰਨ।

---

## ਵਾਹਿਗੁਰੂ ਵਾਹਿਗੁਰੂ ਬੋਲ ਮਨਾ

ਜਨਮ ਅਮੋਲਕ ਮਿਲਿਆ ਤੈਨੂੰ ਵਾਹਿਗੁਰੂ ਵਾਹਿਗੁਰੂ ਬੋਲ ਮਨਾ
ਜਿਸ ਦੇ ਦਰ ਤੇ ਕੋਈ ਘਾਟਾ ਨਹੀਂ ਕਿਉਂ ਦਿੰਦਾ ਹੈ ਉਸ ਨੂੰ ਵਿਸਾਰ ਮਨਾ।
ਇਹ ਸਰੀਰ ਵੀ ਤੇਰਾ ਨਹੀਂ ਮਿੱਟੀ ਹੈ ਇਹ, ਕਿਸ ਗੱਲ ਦਾ ਕਰੇ ਹੰਕਾਰ ਮਨਾ।
ਪੰਜਾਂ ਵਿਕਾਰਾਂ ਤੈਨੂੰ ਘੇਰਾ ਪਾਇਆ, ਨਾਮ ਜਪ ਕੇ ਜਾਨ ਛੁਡਾ ਮਨਾ।
ਹਉਮੈ ਦੀ ਨੀਂਦ ਘੂਕ ਸੁੱਤਿਆ, ਸਤਿਗੁਰੂ ਜੀ ਦੀ ਸ਼ਰਨ ਪੈ ਜਾ ਮਨਾ।
ਜਨਮ ਹੀਰਾ ਅਮੋਲਕ ਮਿਲਿਆ ਤੈਨੂੰ, ਭੰਗ ਭਾੜੇ ਨਾ ਗਵਾ ਮਨਾ।
ਜਿਸ ਜਿਹਾ ਨਾ ਕੋਈ ਦਿਆਲੂ ਉਸ ਤੇ ਬਲਿਹਾਰੇ ਜਾ ਮਨਾ।
ਲੱਖ ਗੁਣ ਨੇ ਸਤਿਗੁਰੂ ਜੀ ਦੇ ਮੁਖ ਕਥਨ ਤੋਂ ਬਾਹਰ ਮਨਾ।
ਦਰ ਉਸ ਜਿਹਾ ਨਹੀਂ ਕੋਈ ਡੁੱਬਦੇ ਬੇੜੇ ਦਿੰਦੇ ਨੇ ਤਾਰ ਮਨਾ।
ਹਉਮੈ ਹੰਕਾਰ ਨੂੰ ਛੱਡ ਕੇ, ਬਲਿਹਾਰੇ ਸਤਿਗੁਰੂ ਜੀ ਤੋਂ ਜਾ ਮਨਾ।
ਮਨ ਮੂਰਖ ਮੇਰਾ ਸਮਝੇ ਨਹੀਂ ਗੁਰੂ ਸ਼ਬਦ ਨਾਲ ਸਮਝ ਜਾ ਮਨਾ।
ਸਤਿਗੁਰੂ ਜੀ ਦਿਆਲੂ ਮਿਹਰਵਾਨ ਨੇ, ਨਾਮ ਬਾਣੀ ਦੀ ਦਾਤ ਮੰਗਣ ਜਾ ਮਨਾ।
ਜਨਮ ਅਮੋਲਕ ਮਿਲਿਆ ਤੈਨੂੰ ਵਾਹਿਗੁਰੂ ਵਾਹਿਗੁਰੂ ਬੋਲ ਮਨਾ।।



www.AKJ.Org

# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-211 32 ਸਾਲਾ ਕੱਦ 4'6'', M.A B.ed ਪਾਸ ਸਿਲਾਈ ਕਟਾਈ ਅਤੇ ਹੋਰ ਤਰ੍ਹਾਂ ਦੇ ਘਰੇਲੂ ਕੰਮ ਵਿਚ ਮਾਹਿਰ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-212 28 ਸਾਲਾਂ ਕੱਦ 5'5'',B.Sc. B.ed ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-213 26 ਸਾਲਾਂ ਕੱਦ 5' B.Sc. B.ed. D. Pharmacy & M.A. ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-214 35 ਸਾਲਾ ਕੱਦ 5'9'' ਅਣਵਿਆਹੇ 20000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ। ਵਿਧਵਾ ਜਾਂ ਤਲਾਕਸ਼ੁਦਾ (ਬਗੈਰ ਬੱਚੇ ਤੋਂ) ਵੀ ਵਿਚਾਰਨ ਯੋਗ।

LD-215 23 ਸਾਲਾ ਕੱਦ 5'8'', B.A ਪਾਸ, ਕੈਨੇਡੀਅਨ ਨਾਗਰਿਕ ਬੀਬੀ ਲਈ ਯੋਗ ਵਰ ਦੀ ਲੋੜ ਹੈ ਪੂਰੇ ਵੇਰਵੇ ਸਹਿਤ ਸੰਪਰਕ ਕਰੋ ਸ੍ਰ: ਅਮਰਜੀਤ ਸਿੰਘ ਸੁਧਾਰ ਟੈਲੀਫੋਨ 01624- 75692 ਦਫ਼ਤਰ 0161- 401961 ext. 317

LD-216 24 ਸਾਲਾ ਕੱਦ 5'6'',M.A. PBi, Diploma in Pharmacy ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-217 23 ਸਾਲਾ ਕੱਦ 5'4'', M.A Pbi ਪਾਸ, ਸਿਲਾਈ ਕਟਾਈ, ਬੁਨਾਈ ਜਾਣਦੀ ਪ੍ਰਾਈਵੇਟ ਟੀਚਰ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-218 21 ਸਾਲਾ ਕੱਦ 5'6'' ਮੈਟ੍ਰਿਕ ਪਾਸ ਸਿਲਾਈ ਬੁਨਾਈ ਵਿਚ ਮਾਹਿਰ ਕੀਰਤਨੀ ਤੇ ਸਰਬਲੋਹ ਬਿਬੇਕ ਦੀ ਧਾਰਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-219 30 ਸਾਲਾ ਕੱਦ 5'5'' ਮਿਡਲਪਾਸ ਆਪਣਾ ਕੰਮ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਵਰ ਦੀ ਲੋੜ ਹੈ।

LD-220 32 ਸਾਲਾ ਕੱਦ 5'5'' IGNOU ਦਾ Foundation Course ਪਾਸ ਆਪਣਾ ਕਾਰੋਬਾਰ 6000/-ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਹਰਬੰਸ ਸਿੰਘ ਲੁਧਿਆਣਾ - | ੧੦੦/- | ਸ: ਹਰਨੇਕ ਸਿੰਘ- | ੧੦੦/- |
| ਮਾਸਟਰ ਬਲਜਿੰਦਰ ਸਿੰਘ- | ੧੦੦/- | 'ਸਟਾਫ' ਸੂਰਾ ਦਫ਼ਤਰ- | ੪੫੦/- |

## ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਸਾਹਿਬ ਸੈਕਟਰ 34 ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 394 ਵੇਂ ਪਹਿਲੇ ਪ੍ਰਕਾਸ਼ ਪੁਰਬ ਤੇ 27 ਤੋਂ 30 ਅਗਸਤ ਤੱਕ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

27-8-98 ਅੰਮ੍ਰਿਤ ਵੇਲੇ 5 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 6 ਤੋਂ 9 ਵਜੇ ਤੱਕ। ਸ਼ਾਮ ਸੋਦਰ ਉਪ੍ਰੰਤ ਕੀਰਤਨ 9 ਵਜੇ ਤੱਕ। 28-8-98 ਸਵੇਰੇ 6 ਤੋਂ 9 ਕੀਰਤਨ ਸ੍ਰੀ ਆਸਾ ਦੀ ਵਾਰ ਗੁ: ਸਾਹਿਬ ਸੈਕਟਰ 34 ਵਿਖੇ ਹੀ। ਸ਼ਾਮ ਸੋਦਰ ਉਪ੍ਰੰਤ ਅਖੰਡ ਕੀਰਤਨ 9 ਵਜੇ ਤੱਕ ਗੁ: ਅੰਬ ਸਾਹਿਬ ਮੁਹਾਲੀ ਵਿਖੇ। 29-8-98 ਸਵੇਰੇ 5 ਵਜੇ ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਅਤੇ ਰਾਤ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ। ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਸੈਕਟਰ 34 ਵਿਖੇ ਹੀ ਹੋਵੇਗਾ ਜੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 394 ਵੇਂ ਪਹਿਲੇ ਪ੍ਰਕਾਸ਼ ਪੁਰਬ ਤੇ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ
ਗੁ: ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਵਿਖੇ 5 ਸਤੰਬਰ 1998 ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਨਰੈਣ ਸਿੰਘ ਜੀ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ
ਗੁ: ਅਕਾਲੀ ਵਾਲਾ ਨਾਰੰਗਵਾਲ ਵਿਖੇ 12 ਸਤੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਭਾਈ ਆਤਮਾ ਸਿੰਘ ਜੀ ਦੀ ਯਾਦ ਵਿਚ ਅਖੰਡ ਕੀਰਤਨ
26 ਸਤੰਬਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ 12 ਵਜੇ ਤੱਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ

www.AKJ.Org

## ਸਜਣ ਮੇਰੇ ਰੰਗੁਲੇ, ਜਾਇ ਸੁਤੇ ਜੀਰਾਣ॥



### ਗੁਰੂ ਸਵਾਰੇ ਭਾਈ ਸਾਹਿਬ ਡਾਕਟਰ ਪ੍ਰੀਤਮ ਸਿੰਘ ਜੀ ਜਲੰਧਰ

ਭਾਈ ਜਸਵੰਤ ਸਿੰਘ ਜੀ ਦੇ ਗ੍ਰਹਿ ਮਾਤਾ ਜਸਵੀਰ ਕੌਰ ਦੀ ਕੁਖੋਂ ਜਲੰਧਰ ਵਿਖੇ 24 ਅਪ੍ਰੈਲ 1961 ਨੂੰ ਮਨੁੱਖੀ ਜਾਮੇ ਵਿਚ ਜਨਮ ਲੈਣ ਵਾਲੀ, ਗੁਰਮੁਖ ਰੰਗ-ਰਤੜੀ, ਨਾਮ ਰਸਿਅੜੀ ਰੂਹ ਭਾਈ ਸਾਹਿਬ ਡ: ਪ੍ਰੀਤਮ ਸਿੰਘ ਜੀ ਦੇ ਰੂਪ ਵਿਚ ਇਸ ਸੰਸਾਰ ਵਿਚ ਵਿਚਰਦਿਆਂ, ਰੋਮ-ਰੋਮ ਹਰਿ ਨਾਮ ਧਿਆਉਂਦੀ, ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਦੀ, ਮਿਠ ਬੋਲੜੇ ਬਚਨਾ ਨਾਲ ਸਰੋਤਿਆ ਨੂੰ ਕੀਲਦੀ, ਪੰਥ ਵਿਚੋਂ ਕੁਰਹਿਤਾ ਰੂਪੀ ਜ਼ਹਿਰ ਨੂੰ ਜੜੋਂ ਕੱਢ ਕੇ ਪੰਥ ਦੀ ਚੜਦੀ ਕਲਾ ਲਈ ਤੜਫੜਾਉਂਦੀ, ਗੁਰ ਹੁਕਮ "ਪ੍ਰਿਥਮੇ ਮਨੁ ਪਰਬੋਧਹੁ ਅਪਨਾ ਪਾਛੇ ਅਵਰ ਰੀਝਾਵੈਂ" ਅਨੁਸਾਰ ਆਪਣੇ ਸੰਗੀ ਸਾਥੀਆਂ ਨੂੰ ਸ੍ਵੈਪੜਚੋਲ ਰਾਹੀ ਆਪਾ ਸੁਆਰਨ ਲਈ ਪ੍ਰੇਰਦੀ, ਆਪਣਾ ਜੀਵਨ ਹਮੇਸ਼ਾ ਗੁਰਬਾਣੀ ਆਸ਼ੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੀ ਥੋੜੇ ਸਮੇਂ ਵਿਚ ਵੀ ਵੱਡਾ ਜਸ ਖੱਟ ਕੇ ਅਖੀਰਲੇ ਸਮੇਂ ਲੁਧਿਆਣੇ ਰੈਣਿ ਸਬਾਈ ਕੀਰਤਨ ਵਿਚ ਹਰਿ ਜਸ ਦੀਆਂ ਘੁੰਮਰਾਂ ਪਾ ਕੇ ਸੰਗਤਾਂ ਦੀਆਂ ਅਪਾਰ ਖੁਸ਼ੀਆਂ ਲੈ ਕੇ ਸਮਾਗਮ ਤੋਂ ਵਾਪਸੀ ਸਮੇਂ 28 ਜੂਨ ਐਤਵਾਰ ਅੰਮ੍ਰਿਤ ਵੇਲੇ ਲੱਗਭਗ ਚਾਰ ਵਜੇ ਸੜਕ ਹਾਦਸੇ ਕਾਰਨ ਇਸ ਫ਼ਾਨੀ ਸੰਸਾਰ ਤੋਂ ਕੂਚ ਕਰਕੇ ਗੁਰੂ ਚਰਨਾ ਵਿਚ ਜਾ ਬਿਰਾਜੇ।

ਸਾਰਾ ਜੀਵਨ ਗੁਰਬਾਣੀ ਕੀਰਤਨ ਤੇ ਨਾਮ-ਸਿਮਰਨ ਤੇ ਟੇਕ ਰੱਖਣ ਵਾਲੀ ਇਸ ਗੁਰਬਾਣੀ ਰੂਹ ਦੇ ਗਾਏ ਹੋਏ ਅਖੀਰਲੇ ਸ਼ਬਦ ਦੀਆਂ ਤੁਕਾ 'ਮਨ ਮੇਰੇ ਸਾਚੇ ਨਾਮੁ ਵਿਟਹੁ ਬਲਿ ਜਾਉ॥' ਸਨ। ਅਜਿਹੀਆਂ ਰੂਹਾਂ ਸੰਸਾਰ ਵਿਚ ਵਿਰਲੀਆਂ ਹੀ ਆਉਂਦੀਆਂ ਹਨ ਤੇ ਆਪਣੇ ਗੁਣਾ ਦੀ ਖੁਸ਼ਬੋ ਚਿਰ ਸਥਾਈ ਛੱਡ ਜਾਂਦੀਆਂ ਹਨ। ਡਾਕਟਰ ਪ੍ਰੀਤਮ ਸਿੰਘ ਜੀ ਦੀ ਸੰਗਤ ਮਾਣਨ ਵਾਲੇ ਪ੍ਰੇਮੀ ਜਨਾ ਦੇ ਹਿਰਦਿਆਂ ਅੰਦਰ ਉਨ੍ਹਾਂ ਦੀ ਯਾਦ ਸਦਾ ਸਮਾਈ ਰਹੇਗੀ। ਡਾਕਟਰ ਸਾਹਿਬ ਦੀ ਜੀਵਨ ਯਾਤਰਾ ਨੂੰ ਦਰਸਾਉਂਦਾ ਵਿਸਥਾਰ ਪੂਰਵਕ ਲੇਖ 'ਸੂਰਾ' ਦੇ ਕਿਸੇ ਅਗਲੇ ਅੰਕ ਵਿਚ ਪਾਠਕਾਂ ਦੇ ਲਾਭ ਹਿਤ ਛਾਪਿਆ ਜਾਵੇਗਾ।



### ਗੁਰੂ ਸਵਾਰੇ ਬੀਬੀ ਵਰਿਆਮ ਕੌਰ ਜੀ ਦਿੱਲੀ

ਆਪਣਾ ਸਮੁੱਚਾ ਜੀਵਨ ਗੁਰ ਸੰਗਤ ਨਾਲ ਜੁੜੇ ਰਹੇ ਗੁਰੂ ਸਵਾਰੇ ਬੀਬੀ ਜੀ ਨਾਮ ਜਪਾਦੇ ਗੁਰ ਸੰਗਤਾ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੇ। ਗੁਰ ਸੰਗਤਾ ਨੂੰ ਦੇਖ ਕੇ ਚਾਅ ਚੜ੍ਹ ਜਾਂਦਾ। ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਨਗਰ ਕੀਰਤਨ ਤੇ ਜੱਥੇ ਦੀਆਂ ਸਾਰੀਆਂ ਸੰਗਤਾਂ ਦੀ ਲੰਗਰ ਦੀ ਸੇਵਾ ਬੜੇ ਉਤਸ਼ਾਹ ਅਤੇ ਪ੍ਰੇਮ ਨਾਲ ਕਰਦੇ ਅਖੀਰੀ ਸਮੇਂ ਤੱਕ ਨਾਮ ਸਿਮਰਨ ਵਿਚ ਜੁੜਦਿਆਂ 7-4-98 ਨੂੰ ਗੁਰਪੁਰੀ ਸਿਧਾਰ ਗਏ।

### ਗੁ: ਮੰਜੀ ਸਾਹਿਬ ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ

ਸਮੂਹ ਸ਼ਹੀਦਾ ਦੀ ਯਾਦ ਵਿਚ 8 ਅਗਸਤ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

### ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪਿੰਡ ਰਾਮਗੜ੍ਹ (ਚੰਡੀਗੜ੍ਹ ਰੋਡ) ਲੁਧਿਆਣਾ ਵਿਖੇ

ਗੁ: ਮਾਈ ਭਾਗੋ ਕਾਲਜ ਰਾਮਗੜ੍ਹ ਵਿਖੇ 8 ਅਗਸਤ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਭੋਪਾਲ (ਮੱਧ ਪ੍ਰਦੇਸ਼) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

15 ਅਗਸਤ ਸਵੇਰੇ 4 ਤੋਂ 9 ਕੀਰਤਨ ਸ੍ਰੀ ਆਸਾ ਦੀ ਵਾਰ ਗੁ: ਸਾਹਿਬ ਹਮੀਦੀਆ ਰੋਡ ਨੇੜੇ ਰੇਲਵੇ ਸਟੇਸ਼ਨ ਵਿ... ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਸਾਹਿਬ BHEL ਕਲੋਨੀ ਵਿਖੇ। ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ BHEL ਵਿਖੇ। ਪੁਛਗਿਛ- 0755- 582912

ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ 13 ਤੋਂ 16 ਅਗਸਤ ਸਵੇਰ ਤੱਕ

ਨੋਟ: ਵੇਰਵੇ ਸਹਿਤ ਪ੍ਰੋਗ੍ਰਾਮ ਜੁਲਾਈ ਦੇ ਅੰਕ ਵਿਚ ਛਪ ਚੁੱਕਾ ਹੈ ਜੀ

### ਬੱਸੀ ਪਠਾਣਾ ਗੁ: ਲਾਲ ਮਸੀਤ ਵਿਖੇ ਰੈਣਿ ਸਬਾਈ ਕੀਰਤਨ 23 ਅਗਸਤ ਰਾਤ ਨੂੰ

### ਬਟਾਲਾ ਵਿਖੇ ਵਿਆਹ ਪੁਰਬ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ 27 ਤੋਂ 30 ਅਗਸਤ ਤੱਕ

ਗੁਰੂ ਨਾਨਕ ਸੀ: ਸੈਕੰਡਰੀ ਸਕੂਲ ਜੀ. ਟੀ. ਰੋਡ ਵਿਖੇ 26 ਅਗਸਤ ਸ਼ਾਮ 7 ਤੋਂ 9 ਸੋਦਰ ਦੀ ਚੌਕੀ। 27 ਅਗਸਤ ਸਵੇਰੇ 5 ਤੋਂ 8 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ

29 ਅਗਸਤ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ। 30 ਅਗਸਤ ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ:- 29 ਅਗਸਤ ਸ਼ਾਮ 6 ਵਜੇ ਗੁਰੂ ਨਾਨਕ ਨਗਰ- ਵਿਖੇ ਆਰੰਭ ਹੋਣਗੇ। ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰੂ ਨਾਨਕ ਸੀ: ਸੈਕੰਡਰੀ ਸਕੂਲ ਵਿਖੇ ਹੀ ਹੋਵੇਗਾ।

(ਚੰਡੀਗੜ੍ਹ ਸਾਲਾਨਾ ਸਮਾਗਮ ਅਤੇ ਬਾਕੀ ਦੇ ਹੋਰ ਸਮਾਗਮਾਂ ਦਾ ਵੇਰਵਾ ਅੰਦਰਲੇ ਪੰਨੇ ਤੇ ਦੇਖੋ)



www.AKJ.Org